ਵਿਦਿਆ ਵੀਚਾਰੀ ਤਾਂ ਪਰਉਪਕਾਰੀ

PUNJABI UNIVERSITY PATIALA

**ਬੀ.ਏ. ਭਾਗ ਦੂਜਾ** **ਸੁਰੱਖਿਆ ਅਤੇ ਯੁੱਧ ਨੀਤੀ ਅਧਿਐਨ**

**ਸਮੈਸਟਰ - ਤੀਜਾ**

**ਯੂਨਿਟ ਨੰਬਰ : 1**

## ਪਾਠ ਨੰ.


1.1 ਆਰਬੇਲਾ ਦੀ ਲੜਾਈ (331 ਬੀ.ਸੀ.)

1.2 ਕੈਨੇ ਦੀ ਲੜਾਈ (216 ਬੀ.ਸੀ.)

1.3 ਹੇਸਟਿੰਗਜ਼ ਦੀ ਜੰਗ (1066 ਈਸਵੀ)
(Battle of Hastings — 1066 AD)

1.4 ਚੰਗੇਜ਼ ਖਾਂ ਅਤੇ ਤੈਮੂਰ ਅਧੀਨ ਮੰਗੋਲਾਂ ਅਤੇ ਤੁਰਕਾਂ ਦੀ ਯੁੱਧ ਕਲਾ ਅਤੇ ਫੌਜੀ ਸੰਗਠਨ
(Military Organisation and Fighting Techniques of Mongols And Turks under Changez Khan and Taimur)


**ਨੋਟ:– ਵਿਦਿਆਰਥੀ ਵਿਭਾਗੀ ਵੈਬਸਾਈਟ www.pbidde.org ਤੋਂ ਸਿਲੇਬਸ ਡਾਊਨਲੋਡ ਕਰ ਸਕਦੇ ਹਨ।**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ: 1.1**

# ਈਰਾਨੀ ਅਤੇ ਯੂਨਾਨੀ ਦਾ ਫੌਜੀ ਸੰਗਠਨ ਅਤੇ ਆਰਬੇਲਾ ਦੀ ਲੜਾਈ–331 ਬੀ.ਸੀ.

## (Military Organisation of Persians and Macedonians and the Battle of Arbella-331 B.C.)

ਪਿਆਰੇ ਵਿਦਿਆਰਥੀ,

ਬੀ.ਏ. ਭਾਗ ਪਹਿਲਾ ਵਿੱਚ ਅਸੀਂ ਅੰਤਰ–ਰਾਸ਼ਟਰੀ ਸੰਬੰਧਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਸੀ ਅਤੇ ਨਾਲ ਹੀ ਅਸੀਂ ਜੰਗ ਅਤੇ ਇਸ ਦੇ ਵਿਵਿੱਧ ਪੱਖਾਂ ਬਾਰੇ ਵੀ ਪੜਿਆ ਸੀ। ਹੁਣ ਅਸੀਂ ਇਸ ਸਾਲ ਜੰਗ ਇਤਿਹਾਸ ਵਿੱਚ ਕਿਵੇਂ ਲੜਾਈਆਂ ਲੜੀਆਂ ਗਈਆਂ, ਉਹਨਾਂ ਦੇ ਕਾਰਣਾਂ ਅਤੇ ਇਤਿਹਾਸ ਉੱਤੇ ਉਹਨਾਂ ਦਾ ਕੀ ਪ੍ਰਭਾਵ ਪਿਆ, ਬਾਰੇ ਜਾਣਾਗੇ। ਇਸ ਪਰਚੇ ਵਿੱਚ ਅਸੀਂ ਜ਼ਿਆਦਾਤਰ ਯੂਰਪ ਵਿੱਚ ਹੋਈਆਂ ਲੜਾਈਆਂ ਦਾ ਅਧਿਐਨ ਕਰਾਂਗੇ।

**1 ਭੂਮਿਕਾ :** ਆਰਬੇਲਾ ਦੀ ਲੜਾਈ ਨੂੰ ਗੋਗਾਮੇਲਾ ਦੀ ਲੜਾਈ ਵੀ ਕਿਹਾ ਜਾਂਦਾ ਹੈ। ਇਹ ਲੜਾਈ ਅਕਤੂਬਰ 331 ਬੀ.ਸੀ. ਵਿੱਚ ਪਰਸ਼ੀਆ ਦੇ ਹਾਕਮ ਡੇਰੀਅਸ ਤੀਜੇ ਅਤੇ ਯੂਨਾਨੀ ਦੇ ਹਾਕਮ ਸਿਕੰਦਰ ਵਿਚਕਾਰ ਆਰਬੇਲਾ ਦੇ ਸਥਾਨ ਤੇ ਲੜੀ ਗਈ ਸੀ। ਇਸ ਲੜਾਈ ਨੂੰ ਜਿੱਤਣ ਤੋਂ ਬਾਅਦ ਸਿਕੰਦਰ ਦਾ ਹੌਸਲਾ ਹੋਰ ਮਜ਼ਬੂਤ ਹੋ ਗਿਆ ਅਤੇ ਇਸ ਤੋਂ ਬਾਅਦ ਉਸ ਨੇ ਭਾਰਤ ਵਲ ਵੱਧਣਾ ਸ਼ੁਰੂ ਕੀਤਾ।

ਡੇਰੀਅਸ ਤੀਜਾ, ਜਿਸ ਦੀ ਗੱਲ ਅਸੀਂ ਆਰਬੇਲਾ ਦੀ ਲੜਾਈ ਦੇ ਸਬੰਧ ਵਿੱਚ ਕਰ ਰਹੇ ਹਾਂ, ਨੇ 336–330 ਬੀ.ਸੀ. ਤੱਕ ਰਾਜ ਕੀਤਾ। ਸਿਕੰਦਰ ਮਹਾਨ ਯੂਨਾਨੀ ਦੇ ਪ੍ਰਸਿੱਧ ਹਾਕਮ ਫਿਲਪ ਦਾ ਲੜਕਾ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ 336 ਬੀ.ਸੀ. ਵਿੱਚ ਸਿਕੰਦਰ ਗੱਦੀ ਤੇ ਬੈਠਾ। ਸਿਕੰਦਰ ਆਪਣੇ ਪਿਤਾ ਦੇ ਰਾਜ ਪ੍ਰਬੰਧ ਨੂੰ ਹੋਰ ਮਜ਼ਬੂਤ ਕਰਕੇ ਇਕ ਤਾਕਤਵਰ ਫੌਜ ਦਾ ਮਾਲਕ ਬਣਿਆ। ਪਰ ਡੇਰੀਅਸ ਸਿਕੰਦਰ ਦੇ ਮੁਕਾਬਲੇ ਕਮਜ਼ੋਰ ਅਤੇ ਯੂਨਾਨ ਦੀ ਵੱਧਦੀ ਤਾਕਤ ਨੂੰ ਨਜਿੱਠਣ ਵਾਲੀ ਹਾਲਤ ਵਿੱਚ ਨਹੀਂ ਸੀ। ਡੇਰੀਅਸ ਅਤੇ ਸਿਕੰਦਰ ਦੀ ਮੁਠਭੇੜ ਪਹਿਲਾਂ ਵੀ ਇਕ ਵਾਰ ਆਈਸੌਸ ਦੀ ਲੜਾਈ ਵਿੱਚ 333 ਬੀ.ਸੀ. ਵਿੱਚ ਹੋ ਚੁੱਕੀ ਸੀ।

**2 ਯੂਨਾਨੀ ਦਾ ਫੌਜੀ ਪ੍ਰਬੰਧ** (Military Organisation of Macedonians)

ਸਿਕੰਦਰ ਆਪਣੇ ਸਮੇਂ ਦਾ ਸਭ ਤੋਂ ਚੰਗਾ ਜਰਨੈਲ ਸੀ। ਅਨੌਖੀ ਸੂਝ ਹਮਲਾਵਰ ਯੁੱਧ ਨੀਤੀ, ਫੌਜਾਂ ਨੂੰ ਬੇਹਤਰੀਨ ਢੰਗ ਨਾਲ ਤੈਨਾਤ ਕਰਨਾ ਅਤੇ ਦੁਸ਼ਮਣ ਨੂੰ ਅੰਤ ਤੱਕ ਤਹਿਸ ਨਹਿਸ ਕਰਨਾ, ਸਿਕੰਦਰ ਨੂੰ ਆਪਣੇ ਪਿਤਾ ਫਿਲਪ ਤੋਂ ਵਿਰਸੇ ਵਿੱਚ ਮਿਲਿਆ ਸੀ, ਜੋ ਕਿ ਛੋਟੇ ਜਿਹੇ ਰਾਜ ਯੂਨਾਨੀ ਤੋਂ ਉਠ ਕੇ ਪੂਰੇ ਯੂਨਾਨ ਉੱਪਰ ਹਾਵੀ ਹੋ ਗਿਆ ਸੀ। ਯੋਧਿਆਂ ਦੇ ਸਾਰੇ ਵਰਗਾਂ ਨੂੰ ਇੱਕ ਦਾਅ ਪੇਚ, ਇਕੋ ਇਕਾਈ ਵਿੱਚ ਢਾਲਣ ਵਾਲਾ ਪਹਿਲਾ ਜਰਨੈਲ ਹੋਣ ਕਰਕੇ ਫਿਲਪ ਜੰਗ ਦੀ ਕਲਾ ਦੇ ਇਤਿਹਾਸ

ਵਿੱਚ ਵਿਸ਼ੇਸ਼ ਸਥਾਨ ਰਖਦਾ ਹੈ। ਫਿਲਪ ਪਹਿਲਾ ਜਰਨੈਲ ਸੀ ਜਿਸ ਨੇ ਹਾਰ ਦੀ ਯੁੱਧ ਨੀਤੀ ਨੂੰ ਲਾਗੂ ਕੀਤਾ ਅਤੇ ਯੁੱਧ ਨੀਤੀ ਵਿੱਚ ਇਕ ਮੋੜ ਪੈਦਾ ਕੀਤਾ। ਇਸ ਅਨੁਸਾਰ ਦੁਸ਼ਮਣ ਦੇ ਹਾਰ ਜਾਣ ਤੋਂ ਬਾਅਦ ਉਸ ਦਾ ਪੂਰੀ ਤਰ੍ਹਾਂ ਵਿਨਾਸ਼ ਕਰਨਾ ਹੁੰਦਾ ਸੀ। ਇਸ ਤੋਂ ਪਹਿਲਾਂ ਯੂਨਾਨ ਵਿੱਚ ਜੰਗ ਇਕ ਮੁਕਾਬਲੇ ਵਾਂਗ ਹੁੰਦੀ ਸੀ, ਜਿਸ ਵਿੱਚ ਹਾਰੀ ਹੋਈ ਫੌਜ ਹਾਰ ਮੰਨ ਕੇ ਮੈਦਾਨ ਤੋਂ ਬਾਹਰ ਚਲੀ ਜਾਂਦੀ ਸੀ।

ਸਿਕੰਦਰ ਨੂੰ ਅੱਗੇ ਵੱਧਣ ਤੋਂ ਰੋਕਣ ਵਿੱਚ ਪਰਸ਼ੀਅਨ, ਅਫਗ਼ਾਨ, ਤੁਰਕ ਅਤੇ ਸਮੁੰਦਰ, ਰੇਗਿਸਤਾਨ, ਜੰਗਲ ਅਤੇ ਪਹਾੜ ਆਦਿ ਅਸਮਰੱਥ ਰਹੇ ਸਨ। ਉਸ ਦੇ ਸਿਪਾਹੀ ਦੁਨੀਆਂ ਵਿੱਚ ਵੱਖੋ–ਵੱਖਰੀਆਂ ਕੌਮਾਂ ਨਾਲ ਲੜਾਈ ਕਰਕੇ ਬਹੁਤ ਹੀ ਬਹਾਦਰ ਸਿਪਾਹੀ ਬਣ ਗਏ ਸਨ। ਪਰ ਇਸ ਵਿੱਚ ਸਿਕੰਦਰ ਦੀ ਆਪਣੀ ਜਰਨੈਲ ਦੇ ਤੌਰ ਤੇ ਵੀ ਬਹੁਤ ਵੱਡੀ ਦੇਣ ਸੀ। ਉਸ ਦੀ ਸੈਨਾ ਦੇ ਸਾਰਿਆਂ ਭਾਗਾਂ ਵਿੱਚ ਪੂਰਨ ਤਾਲਮੇਲ ਸੀ, ਜਿਸ ਨਾਲ ਉਸ ਦੀ ਜਿੱਤ ਯਕੀਨੀ ਹੋ ਜਾਂਦੀ ਸੀ।

ਯੂਨਾਨੀ ਦੀ ਫੌਜ ਵਿੱਚ ਉਹ ਆਦਮੀ ਸਨ ਜੋ ਪ੍ਰਾਚੀਨ ਸੰਸਾਰ ਦੀਆਂ ਸਭ ਤੋਂ ਉੱਤਮ ਸਭਿਆਚਾਰਕ ਕੌਮਾਂ ਦੇ ਸਭ ਤੋਂ ਵੱਡੇ ਵਿਦਵਾਨ ਸਨ। ਸਿਕੰਦਰ ਆਪ ਅਰਸਤੂ ਦਾ ਸ਼ਾਗਿਰਦ ਸੀ। ਸਿਕੰਦਰ ਦੀ ਸੈਨਾ ਵਿੱਚ ਫਿਲਾਸਫਰ, ਸਾਇੰਸਦਾਨ, ਡਾਕਟਰ, ਇੰਜੀਨੀਅਰ ਅਤੇ ਮਕੈਨਿਕ ਸਨ ਜਿਹੜੇ ਕਿ ਆਸਾਨੀ ਨਾਲ ਤੀਹ ਚਪੂਆਂ ਵਾਲੀ ਕਿਸ਼ਤੀਆਂ ਦੇ ਵੱਖਰੇ–ਵੱਖਰੇ ਭਾਗਾਂ ਨੂੰ ਜੁਦਾ ਕਰਕੇ ਖੁਸ਼ਕੀ ਦਾ ਸਫਰ ਕਰਦੇ ਸਨ। ਸਿਕੰਦਰ ਦੀ ਸੈਨਾ ਦੀਆਂ ਹੋਰ ਵਿਸ਼ੇਸ਼ਤਾਵਾਂ ਕੁਸ਼ਲ ਸਟਾਫ ਕੋਰ, ਟਰਾਂਸਪੋਰਟ ਵਿਭਾਗ ਅਤੇ ਜਾਸੂਸੀ ਮਹਿਕਮਾ ਸੀ। ਇਸ ਤੋਂ ਬਿਨਾਂ ਉਹ, ਜਿਸ ਖੇਤਰ ਵਿੱਚ ਲੜਦਾ ਸੀ, ਉਸੇ ਦੇ ਹੀ ਜਾਸੂਸਾਂ ਨੂੰ ਵੀ ਰਿਸ਼ਵਤ ਆਦਿ ਦੇ ਕੇ ਵਰਤ ਲੈਂਦਾ ਸੀ। ਸਿਕੰਦਰ ਦੀ ਫੌਜ ਦੇ ਇਨ੍ਹਾਂ ਜ਼ਿਆਦਾ ਚੰਗਾ ਹੋਣ ਵਿੱਚ ਉਸ ਦੇ ਪਿਤਾ ਫਿਲਪ ਦੀ ਮਿਹਨਤ ਦਾ ਕਾਫੀ ਵੱਡਾ ਯੋਗਦਾਨ ਸੀ। ਫਿਲਪ ਨੇ ਪਹਿਲਾਂ ਇਕ ਰਾਸ਼ਟਰੀ ਸੈਨਾ ਦੀ ਉਦਾਰਤਾ ਦੇ ਆਧਾਰ ਤੇ ਨੀਂਹ ਰੱਖੀ, ਜਿਸ ਵਿੱਚ ਘੋੜ ਸਵਾਰ ਤੇ ਪਿਆਦਾ ਫੌਜੀ ਸੈਨਿਕਾਂ ਤੋਂ ਇਲਾਵਾ ਤੀਰ ਅੰਦਾਜ਼ ਤੇ ਹਲਕੇ ਹਥਿਆਰਾਂ ਵਾਲੇ ਸਭ ਪ੍ਰਕਾਰ ਦੇ ਸੈਨਿਕ ਮੌਜੂਦ ਸਨ।

ਸਿਕੰਦਰ ਦੀ ਸੈਨਾ ਦੇ ਤੱਤਾਂ ਦਾ ਵਿਸਥਾਰ ਨਾਲ ਵਰਣਨ ਹੇਠ ਲਿਖੇ ਸਿਰਲੇਖਾਂ ਅਧੀਨ ਕਰ ਸਕਦੇ ਹਾਂ।

**2.1 ਸਾਥੀ** (Companions) **:** ਮਕਦੂਨੀ ਸੈਨਾ ਦਾ ਇਹ ਭਾਗ ਸਭ ਤੋਂ ਵੱਧ ਸਨਮਾਨਿਤ ਭਾਗ ਸੀ। ਇਹ ਬਾਦਸ਼ਾਹ ਦੇ ਅੰਗ ਰੱਖਿਅਕ ਦੇ ਤੌਰ 'ਤੇ ਕੰਮ ਕਰਦੇ ਸਨ। ਇਸ ਵਿੱਚ ਚੋਣਵੇਂ ਘੋੜ ਸਵਾਰ ਸ਼ਾਮਲ ਸਨ ਅਤੇ ਰਈਸਾਂ ਦੇ ਬੱਚਿਆਂ ਨੂੰ ਇਸ ਵਿੱਚ ਭਰਤੀ ਕੀਤਾ ਜਾਂਦਾ ਸੀ। ਪਹਿਲਾਂ ਇਨ੍ਹਾਂ ਦੀ ਗਿਣਤੀ 1500 ਦੇ ਕਰੀਬ ਸੀ ਪਰ ਬਾਅਦ ਵਿੱਚ ਵੱਧ ਕੇ 5000 ਤੱਕ ਪਹੁੰਚ ਗਈ ਸੀ। ਘੋੜੇ ਅਤੇ ਘੋੜ ਸਵਾਰ ਦੋਨੋਂ ਹੀ ਜ਼ਰਾਬਖ਼ਤਰ ਨਾਲ ਲੈਸ ਹੁੰਦੇ ਸਨ।

**2.2 ਗੋਲ ਢਾਲਾਂ ਵਾਲੇ ਸੈਨਿਕ** (Hypaspists) **:** ਇਹ ਪਿਆਦਾ ਸੈਨਾ

ਸੀ। ਇਹ ਤਨਖਾਹਦਾਰ ਸਨ। ਇਨ੍ਹਾਂ ਕੋਲ ਹਲਕੇ ਹਥਿਆਰ ਹੁੰਦੇ ਸਨ ਜਿਸ ਕਰਕੇ ਇਨ੍ਹਾਂ ਦੀ ਗਤੀ ਕਾਫੀ ਤੇਜ਼ ਹੁੰਦੀ ਸੀ। ਫਲੈਂਕਸ ਦੇ ਸੈਨਿਕਾਂ ਦੇ ਮੁਕਾਬਲੇ ਵਿੱਚ ਇਨ੍ਹਾਂ ਦੇ ਨੇਜ਼ੇ ਛੋਟੇ, ਤਲਵਾਰਾਂ ਲੰਮੀਆਂ ਅਤੇ ਜ਼ਰਾਬਖ਼ਤਰ ਹੌਲਾ ਹੁੰਦਾ ਸੀ।

**2.3 ਫਲੈਂਕਸ** (Phalanx) **:** ਇਹ ਮਕਦੂਨੀ ਸੈਨਾ ਦੀ ਰੀੜ੍ਹ ਦੀ ਹੱਡੀ ਹੁੰਦੀ ਸੀ। ਇਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾਂਦੀ ਸੀ। ਇਹ ਜ਼ਰਾਬਖ਼ਤਰ ਪਾਉਂਦੇ ਸਨ ਜਿਸ ਵਿੱਚ ਸਿਰਤੇ ਲੋਹੇ ਦੇ ਟੋਪ, ਛਾਤੀ ਤੇ ਪਲੇਟ ਅਤੇ ਦੋ ਲੰਮੀਆਂ ਮੁੜੀਆਂ ਪਲੇਟਾਂ ਪੱਟਾਂ ਤੇ ਹੁੰਦੀਆਂ ਸਨ। ਇਸ ਦੇ ਹਥਿਆਰਾਂ ਵਿੱਚ ਚਾਰ ਫੁੱਟ ਲੰਮੀ ਤਲਵਾਰ, ਲੰਮੀ ਢਾਲ ਅਤੇ ਇਕ ਵਿਸ਼ੇਸ਼ ਕਿਸਮ ਦਾ ਨੇਜ਼ਾ ਹੁੰਦਾ ਸੀ। ਇਸ ਨੇ ਜ਼ੇ ਨੂੰ 'ਸਰੀਸਾ' ਵੀ ਕਿਹਾ ਜਾਂਦਾ ਸੀ। ਇਹ ਬਹੁਤ ਹੀ ਕਾਰਗਰ ਹਥਿਆਰ ਸੀ, ਜਿਸ ਦੀ ਲੰਬਾਈ 24 ਫੁੱਟ ਹੁੰਦੀ ਸੀ। ਪਿੱਛੇ ਅੱਠ ਫੁੱਟ ਤੋਂ ਫੜ੍ਹ ਕੇ ਇਸ ਦਾ ਭਾਰ ਅੱਧਾ-ਅੱਧਾ ਹੋ ਜਾਂਦਾ ਸੀ। ਫਲੈਂਕਸ ਦੀਆਂ ਕਤਾਰਾਂ ਇਕ-ਦੂਜੇ ਤੋਂ 3-3 ਫੁੱਟ ਦੇ ਫਰਕ ਤੇ ਹੁੰਦੀਆਂ ਸਨ। ਪਿਛਲੀਆਂ ਕਤਾਰਾਂ ਦੇ ਨੇਜ਼ੇ ਅਗਲੀਆਂ ਕਤਾਰਾਂ ਦੇ ਸਿਪਾਈਆਂ ਦੇ ਨੇਜ਼ੇਆਂ ਤੋਂ ਅੱਗੇ ਵਧੇ ਹੁੰਦੇ ਸਨ। ਸਿਕੰਦਰ ਦੇ ਪਿਤਾ ਫਿਲਮ ਨੇ ਇਸ ਨੂੰ ਸੋਲਾਂ ਕਤਾਰਾਂ ਵਾਲਾ ਬਣਾ ਦਿੱਤਾ ਸੀ। ਜਦੋਂ ਮੋਹਰਲੀ ਕਤਾਰ ਵਿੱਚੋਂ ਕੋਈ ਸੈਨਿਕ ਡਿੱਗ ਜਾਂਦਾ ਤਾਂ ਪਿਛਲੀ ਕਤਾਰ ਵਿੱਚੋਂ ਸੈਨਿਕ ਖਾਲੀ ਹੋਈ ਜਗ੍ਹਾ ਲੈ ਲੈਂਦਾ ਸੀ।

**2.4 ਹੋਪਲਾਈਟਸ** (Hoplites) **:** ਇਹ ਭਾਰੀ ਪਿਆਦਾ ਫੌਜ ਸੀ ਜਿਸ ਨੂੰ ਬਹੁਤ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾਂਦੀ ਸੀ। ਇਹ ਲੜਾਈ ਵਿੱਚ ਬਹੁਤ ਤਬਾਹੀ ਮਚਾਉਂਦੇ ਸਨ। ਹਰ ਸਿਪਾਹੀ ਭਾਰੀ ਸੰਜੋਅ ਪਹਿਨਦਾ ਸੀ ਅਤੇ ਇਕ ਤਲਵਾਰ, ਇਕ ਬਰਛਾ ਤੇ ਇਕ ਅੰਡੇਕਾਰ ਢਾਲ ਆਪਣੇ ਕੋਲ ਰੱਖਦਾ ਸੀ। ਇਸ ਨਾਲ ਉਨ੍ਹਾਂ ਦਾ ਸਾਰਾ ਸਰੀਰ ਢਕਿਆ ਰਹਿੰਦਾ ਸੀ।

**2.5 ਘੋੜ ਸਵਾਰ ਸੈਨਾ** (Cavalary) **:** ਸਿਕੰਦਰ ਦੀ ਘੋੜ ਸਵਾਰ ਸੈਨਾ ਤੀਰ ਕਮਾਨਾਂ ਅਤੇ ਨੇਜ਼ਿਆਂ ਨਾਲ ਲੈਸ ਸੀ। ਉਸ ਦੀ ਘੋੜ ਸਵਾਰ ਸੈਨਾ ਹਲਕੇ ਹਥਿਆਰਾਂ ਦੇ ਹੋਂਦ ਕਰਕੇ ਥੋੜ੍ਹੇ ਸਮੇਂ ਵਿਚ ਜ਼ਿਆਦਾ ਫਾਸਲਾ ਪੂਰਾ ਕਰਨ ਦੀ ਸਮਰੱਥਾ ਰੱਖਦੀ ਸੀ। ਉਹ ਵੈਰੀ ਨੂੰ ਦੂਰੀ ਤੋਂ ਤੰਗ ਕਰ ਸਕਦੇ ਸਨ ਅਤੇ ਛੋਟੀਆਂ-ਛੋਟੀਆਂ ਲੜਾਈਆਂ ਲੜ ਸਕਦੇ ਸਨ। ਇਕ ਜਗ੍ਹਾ ਤੇ ਰੁਕੇ ਹੋਏ ਅਤੇ ਤੇਜ਼ੀ ਨਾਲ ਜਾ ਰਹੇ ਘੋੜੇ ਤੇ ਇਕੋ ਜਿਹੀ ਕੁਸ਼ਲਤਾ ਨਾਲ ਹਮਲਾ ਕਰ ਸਕਦੇ ਸਨ।

**2.6 ਤੋਪਖਾਨਾ** (Artillary or Catapults) **:** ਉਸ ਸਮੇਂ ਗੋਲਾ ਬਾਰੂਦ ਦਾ ਕੋਈ ਗਿਆਨ ਨਹੀਂ ਸੀ, ਪਰ ਪੱਥਰਾਂ ਆਦਿ ਨੂੰ ਤੇਜ਼ੀ ਨਾਲ ਸੁੱਟਣ ਵਾਸਤੇ ਰੱਸਿਆਂ ਆਦਿ ਨੂੰ ਵੱਟ ਦੇ ਕੇ ਉਸ ਦੀ ਸ਼ਕਤੀ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ। ਇਨ੍ਹਾਂ ਨਾਲ 360 ਗਜ਼ ਦੀ ਦੂਰੀ ਤੇ ਪੱਥਰ ਅਤੇ ਨੇਜ਼ੇ ਆਦਿ ਬੜੀ ਕੁਸ਼ਲਤਾ ਨਾਲ ਸੁੱਟੇ ਜਾਂਦੇ ਸਨ। ਇਨ੍ਹਾਂ ਦੀ ਵਰਤੋਂ ਕਿਲ੍ਹਿਆਂ ਵੇਲੇ ਕੀਤੀ ਜਾਂਦੀ ਸੀ। ਇਨ੍ਹਾਂ ਨੂੰ

ਕੈਟਾਪੁਲਟ ਵੀ ਆਖਿਆ ਜਾਂਦਾ ਸੀ।

**3. ਈਰਾਨੀਆਂ ਦਾ ਫੌਜੀ ਪ੍ਰਬੰਧ** (Military Organisation of Persians) **:** ਡੇਰੀਅਸ ਪਹਿਲੇ (521–486 ਬੀ.ਸੀ.) ਦੇ ਸਮੇਂ ਵੇਲੇ ਦੇ ਪਰਸ਼ੀਅਨਾਂ ਦੇ ਫੌਜੀ ਪ੍ਰਬੰਧ ਬਾਰੇ ਕੁੱਝ ਵੇਰਵੇ ਮਿਲਦੇ ਹਨ। ਉਸ ਸਮੇਂ ਪਰਸ਼ੀਅਨ ਫੌਜ ਵਿੱਚ 10,000 ਸੈਨਿਕਾਂ ਦੀ ਇਕ ਡਵੀਜ਼ਨ ਹੋਇਆ ਕਰਦੀ ਸੀ। ਇਕ ਬਟਾਲੀਅਨ ਵਿੱਚ ਤਕਰੀਬਨ 1,000 ਸਿਪਾਹੀ ਹੋਇਆ ਕਰਦੇ ਸਨ ਅਤੇ ਫਿਰ ਇਸ ਦੇ 100–100 ਦੇ ਦੱਸ ਭਾਗ ਹੁੰਦੇ ਸਨ। ਈਰਾਨ ਵਿੱਚ ਸਾਰੀਆਂ ਯੁੱਧਨੀਤਿਕ ਥਾਵਾਂ ਤੇ ਕਿਲ੍ਹੇ ਵੀ ਸਨ, ਜਿਨ੍ਹਾਂ ਵਿੱਚ ਸੁਰੱਖਿਆ ਲਈ ਲੋੜੀਂਦੀ ਸੈਨਾ ਹਰ ਵੇਲੇ ਰਹਿੰਦੀ ਸੀ। ਪਰਸ਼ੀਅਨਾਂ ਦੀ ਸੈਨਾ ਵਿੱਚ ਵੱਡੇ ਅਹੁਦਿਆਂ ਤੇ ਵੱਡੇ ਸਰਦਾਰਾਂ ਨੂੰ ਭਰਤੀ ਕੀਤਾ ਜਾਂਦਾ ਸੀ।

ਈਰਾਨੀਆਂ ਦੀ ਸੈਨਾ ਵਿੱਚ ਪੈਦਲ ਸੈਨਾ ਨੂੰ ਕੋਈ ਖਾਸ ਸਥਾਨ ਹਾਸਲ ਨਹੀਂ ਸੀ। ਪਰਸ਼ੀਅਨ ਸਮਾਜ ਵਿੱਚ ਜਾਗੀਰਦਾਰੀ ਪ੍ਰਥਾ ਸੀ ਅਤੇ ਇਨ੍ਹਾਂ ਦੇ ਗਰੁੱਪ ਅਤੇ ਇਨ੍ਹਾਂ ਦੀ ਘੋੜ ਸਵਾਰ ਸੈਨਾ ਜਗੀਰਦਾਰ ਹੀ ਮੁਹੱਈਆ ਕਰਦੇ ਸਨ। ਦਲਿਤ ਅਤੇ ਕਬੀਲਿਆਂ ਦੇ ਲੋਕ ਪੈਦਲ ਸੈਨਾ ਬਣਾਉਂਦੇ ਸਨ, ਜੋ ਕਿ ਬਹੁਤੀ ਜ਼ਿਆਦਾ ਅਨੁਸ਼ਾਸਤ ਨਹੀਂ ਹੁੰਦੀ ਸੀ। ਉਦਾਹਰਣ ਦੇ ਤੌਰ 'ਤੇ 490 ਈਸਾ ਪੂਰਵ ਮੈਰਾਥਨ ਵਿਖੇ ਏਥੇਨੀਅਨ ਫੇਲੈਂਕਸ (Athenian Phalanx) ਨੂੰ ਈਰਾਨੀ ਪੈਦਲ ਸੈਨਾ ਨੂੰ ਹਰਾਉਣ ਵਿੱਚ ਕੋਈ ਮੁਸ਼ਕਲ ਨਾ ਹੋਈ ਪਰ ਘੋੜ ਸਵਾਰ ਸੈਨਾ ਦੀ ਹਾਲਤ ਕਾਫੀ ਠੀਕ ਸੀ। ਮਾਰੂਥਲ ਦੀਆਂ ਮੁਹਿੰਮਾਂ ਵੇਲੇ ਪਰਸ਼ੀਅਨ ਉਨ੍ਹਾਂ ਦੀ ਵਰਤੋਂ ਵੀ ਕਰਦੇ ਸਨ। ਪੂਰਬੀ ਸਰਹੱਦਾਂ ਤੋਂ ਉਨ੍ਹਾਂ ਨੇ ਹਾਥੀਆਂ ਦੀ ਵਰਤੋਂ ਸਿੱਖੀ ਅਤੇ ਇਸ ਨੂੰ ਪੱਛਮੀ ਸਰਹੱਦ 'ਤੇ ਲਾਗੂ ਕੀਤਾ।

ਰਾਜੇ ਦੀ ਗਾਰਡ ਨੀਤੀ ਅਲਗ ਹੁੰਦੀ ਸੀ ਜਿਸ ਵਿੱਚ ਪਰਸ਼ੀਅਨ ਅਤੇ ਥੋੜੀ ਗਿਣਤੀ ਵਿੱਚ ਮੀਡਜ (Medes) ਨੂੰ ਭਰਤੀ ਕੀਤਾ ਜਾਂਦਾ ਸੀ। ਰਾਜੇ ਦੀ ਨਿੱਜੀ ਗਾਰਡ ਵਿੱਚ 200 ਪੈਦਲ ਸੈਨਿਕ, 2000 ਤੋਂ 6000 ਤੱਕ ਘੋੜ ਸਵਾਰ ਹੁੰਦੇ ਸਨ ਅਤੇ ਇਕ 10,000 ਦੀ ਹੋਰ ਸੈਨਾ ਸੀ ਜਿਸ ਨੂੰ 'Crack Corps' ਕਿਹਾ ਜਾਂਦਾ ਸੀ। ਇਨ੍ਹਾਂ ਨੂੰ 'ਅਮਰ' (Immortals) ਵੀ ਕਿਹਾ ਜਾਂਦਾ ਸੀ ਕਿਉਂਕਿ ਇਨ੍ਹਾਂ ਦੀ ਜਿੰਨੀ ਗਿਣਤੀ ਘੱਟ ਜਾਂਦੀ ਸੀ, ਉਨੇ ਹੀ ਹੋਰ ਸੈਨਿਕ ਭਰਤੀ ਕਰ ਲਏ ਜਾਂਦੇ ਸਨ। ਇਹ ਨੇਜ਼ੇ, ਤਲਵਾਰ, ਤੀਰ ਕਮਾਨ ਅਤੇ ਤੀਰਦਾਰ ਚੁੱਕਦੇ ਸਨ।

ਕੁਲ ਮਿਲਾ ਕੇ ਪਰਸ਼ੀਅਨ ਸੈਨਾ ਵਿੱਚ ਪਰਸ਼ੀਅਨਾਂ ਦੀ ਗਿਣਤੀ ਘੱਟ ਹੁੰਦੀ ਸੀ। ਜ਼ਿਆਦਾ, ਗਿਣਤੀ ਭਾੜੇ ਦੇ ਸਿਪਾਹੀਆਂ ਅਤੇ ਰਾਜ ਦੇ ਵੱਖਰੇ-ਵੱਖਰੇ ਦੇਸ਼ਾਂ ਤੋਂ ਲਈਆਂ ਗਈਆਂ ਸੈਨਾਵਾਂ ਦੀ ਹੁੰਦੀ ਸੀ। ਇਹ ਸਾਰੇ ਲੋਕ ਆਪਣੇ ਬਖਤਰ ਪਹਿਨਦੇ ਸਨ ਅਤੇ ਆਪਣੇ ਹੀ ਹਥਿਆਰ ਵਰਤਦੇ ਸਨ।

ਈਰਾਨੀ ਖਾਸ ਕਿਸਮ ਦੇ ਤੀਰ ਕਮਾਨਾਂ ਦੀ ਵਰਤੋਂ ਕਰਦੇ ਸਨ। ਪਰਸ਼ੀਅਨਾਂ ਦੁਆਰਾ ਵਰਤੀ ਜਾਣ ਵਾਲੀ ਕਮਾਨ ਕਾਫੀ ਵੱਡੇ ਸਾਈਜ਼ ਦੀ ਹੁੰਦੀ ਸੀ। ਉਸ ਨੂੰ ਧਰਤੀ ਉੱਪਰ ਰੱਖ ਕੇ ਇਸ ਉੱਪਰ ਸੈਨਿਕ ਖੱਬਾ ਪੈਰ ਰੱਖ ਕੇ ਚਲਾਉਂਦਾ ਸੀ। ਪਰਸ਼ੀਅਨਾਂ ਦੇ ਰੱਥਾਂ ਨੂੰ ਸਾਈਡ ਤੋਂ ਧੁਰੇ ਨਾਲ ਵੱਡੀਆਂ ਦਾਤਰੀਆਂ ਲੱਗੀਆਂ ਹੁੰਦੀਆਂ ਸਨ

ਜਿਹੜੀਆਂ ਕਿ ਲੜਾਈ ਵਿੱਚ ਕਾਫੀ ਕਾਰਗਰ ਸਿੱਧ ਹੁੰਦੀਆਂ ਸਨ।

ਆਈਸ਼ੋਸ਼ ਦੀ ਲੜਾਈ ਵਿੱਚ ਹਾਰਨ ਤੋਂ ਬਾਅਦ ਡੇਰੀਅਸ ਨੇ ਆਪਣੀ ਸੈਨਾ ਵਿੱਚ ਕੁੱਝ ਸੁਧਾਰ ਕੀਤੇ ਅਤੇ ਇਸ ਦੇ ਨਾਲ-ਨਾਲ ਹੋਰ ਨਵੀਂ ਭਰਤੀ ਵੀ ਕੀਤੀ। ਉਸ ਨੇ ਆਪਣੇ ਸੈਨਿਕਾਂ ਨੂੰ ਲੰਮੀਆਂ ਤਲਵਾਰਾਂ ਅਤੇ ਭਾਲੇ ਵੀ ਦਿੱਤੇ ਤਾਂ ਜੋ ਉਸ ਦੇ ਸੈਨਿਕ ਸਿਕੰਦਰ ਦੇ ਸੈਨਿਕਾਂ ਦਾ ਮੁਕਾਬਲਾ ਕਰ ਸਕਣ ਕਿਉਂਕਿ ਸਿਕੰਦਰ ਦੇ ਸੈਨਿਕਾਂ ਕੋਲ 24 ਫੁੱਟ ਲੰਬੇ ਬਰਛੇ ਸਨ। ਇਸ ਤੋਂ ਇਲਾਵਾ ਡੇਰੀਅਸ ਨੇ ਆਪਣੇ ਘੋੜ ਸਵਾਰ ਸੈਨਿਕਾਂ ਨੂੰ ਢਾਲਾਂ ਅਤੇ ਛੋਟੀਆਂ ਤਲਵਾਰਾਂ ਨਾਲ ਲੈਸ ਵੀ ਕੀਤਾ ਅਤੇ ਸੈਨਿਕਾਂ ਦੀ ਸੁਰੱਖਿਆ ਲਈ ਜ਼ਰਾਬਖਤਰ ਵੀ ਦਿੱਤੇ। ਡੇਰੀਅਸ ਨੇ ਇਕ ਤੀਰ ਅੰਦਾਜ਼ ਟੁਕੜੀ ਵੀ ਤਿਆਰ ਕੀਤੀ ਅਤੇ ਰੱਥਾਂ ਦੇ ਪਹੀਏ ਕੋਲ ਇਕ ਨੋਕਦਾਰ ਦਾਤੀ ਲਗਾਈ। ਪਰ ਡੇਰੀਅਸ ਦੀ ਪੈਦਲ ਸੈਨਾ ਜੋ ਆਈਸ਼ੋਸ਼ ਦੀ ਲੜਾਈ ਵਿੱਚ ਤਬਾਹ ਹੋ ਚੁੱਕੀ ਸੀ, ਆਰਬੇਲਾ ਦੀ ਲੜਾਈ ਤੋਂ ਪਹਿਲਾਂ ਉਸ ਨੂੰ ਫਿਰ ਚੰਗੀ ਤਰ੍ਹਾਂ ਸੰਗਠਿਤ ਨਾ ਕੀਤਾ ਜਾ ਸਕਿਆ।

## ਅਭਿਆਸ ਲਈ ਪ੍ਰਸ਼ਨ

1. ਸਿਕੰਦਰ ਕੌਣ ਸੀ?
2. ਕੈਟਾਪੁਲਟ ਕੀ ਹੈ?
3. ਡੈਰੀਅਸ ਬਾਰੇ ਲਿਖੋ?

## ਆਰਬੇਲਾ ਦੀ ਲੜਾਈ (331 ਬੀ.ਸੀ.)

(Battle of Arbella-331 B.C.)

**4. ਡੇਰੀਅਸ ਦੀ ਸੈਨਾ ਦੀ ਗਿਣਤੀ :** ਡੇਰੀਅਸ ਦੀ ਸੈਨਾ ਬਾਰੇ ਇਤਿਹਾਸਕਾਰਾਂ ਵਿੱਚ ਮਤਭੇਦ ਹਨ। ਏਰੀਅਨ ਦੇ ਅਨੁਸਾਰ ਡੇਰੀਅਸ ਦੀ ਸੈਨਾ ਵਿੱਚ 40,000 ਘੋੜ ਸਵਾਰ, 10 ਲੱਖ ਪੈਦਲ ਸੈਨਿਕ, 200 ਨੋਕਦਾਰ ਰੱਥ ਅਤੇ 25 ਹਾਥੀ ਸਨ। ਡਾਇਓਡੋਰਸ ਦੇ ਅਨੁਸਾਰ ਡੇਰੀਅਸ ਦੀ ਫੌਜ ਦੀ ਗਿਣਤੀ ਵਿੱਚ 2 ਲੱਖ ਘੋੜ ਸਵਾਰ, 8 ਲੱਖ ਪੈਦਲ ਅਤੇ 900 ਰੱਥ ਸਨ। ਕਰਟੀਅਸ ਦੇ ਅਨੁਸਾਰ ਉਸ ਦੀ ਸੈਨਾ ਵਿੱਚ 45 ਹਜ਼ਾਰ ਘੋੜ ਸਵਾਰ, 2 ਲੱਖ ਪੈਦਲ ਅਤੇ 200 ਰੱਥ ਸਨ।

**4.1 ਸਿਕੰਦਰ ਦੀ ਸੈਨਾ :** ਏਰੀਅਨ ਦੇ ਅਨੁਸਾਰ ਸਿਕੰਦਰ ਦੀ ਸੈਨਾ ਵਿੱਚ 70,000 ਘੋੜ ਸਵਾਰ, 40 ਹਜ਼ਾਰ ਪੈਦਲ ਸੈਨਾ ਸੀ। ਸਿਕੰਦਰ ਦੀ ਸੈਨਾ ਕੋਲ ਚੰਗੇ ਕੱਦ ਕਾਠ ਵਾਲੇ ਘੋੜੇ, ਘੋੜ ਸਵਾਰ, ਤੀਰ ਅੰਦਾਜ਼, 24 ਫੁੱਟੇ ਬਰਛੇ, ਨੇਜ਼ੇ ਅਤੇ ਪੱਥਰ ਸੁੱਟਣ ਵਾਲੀਆਂ ਮਸ਼ੀਨਾਂ ਵੀ ਸਨ ਜਿਸ ਨੂੰ ਕੈਟਾਪੁਲਟ ਕਿਹਾ ਜਾਂਦਾ ਸੀ। ਜਦੋਂ ਡੇਰੀਅਸ ਦੀ ਸੈਨਾ ਦੀ ਤੁਲਨਾ ਸਿਕੰਦਰ ਨਾਲ ਕਰਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਗਿਣਤੀ ਵਿੱਚ ਡੇਰੀਅਸ ਦੀ ਸੈਨਾ ਸਿਕੰਦਰ ਦੀ ਸੈਨਾ ਨਾਲੋਂ ਕਈ ਗੁਣਾਂ ਜ਼ਿਆਦਾ ਸੀ। ਸਿਕੰਦਰ ਦੀ ਸੈਨਾ ਬੇਸ਼ਕ ਗਿਣਤੀ ਵਿੱਚ ਘੱਟ ਸੀ ਪਰ ਉਸ ਦੀ ਸੈਨਾ ਪੂਰੀ ਤਰ੍ਹਾਂ ਸਿਖਲਾਈ ਬੰਦ ਅਤੇ ਚੰਗੇ ਹਥਿਆਰਾਂ ਨਾਲ ਲੈਸ ਸੀ।

ਜਦੋਂ ਸਿਕੰਦਰ ਆਈਗਰਿਸ ਦਰਿਆ ਪਾਰ ਕਰਕੇ ਅੱਗੇ ਵੱਧਿਆ ਤਾਂ ਉਸ ਦੀਆਂ ਗਸ਼ਤੀ


ਪਾਰਟੀਆਂ ਨੇ ਸੂਚਨਾ ਦਿੱਤੀ ਕਿ ਡੇਰੀਅਸ ਦੇ ਲਗਭਗ 1000 ਘੋੜ ਸਵਾਰ ਸੈਨਿਕ ਕੁੱਝ ਹੀ ਮੀਲ ਦੀ ਦੂਰੀ 'ਤੇ ਹਨ ਤਾਂ ਸਿਕੰਦਰ ਨੇ ਘੋੜ ਸਵਾਰ ਸੈਨਾ ਦੀ ਮੱਦਦ ਨਾਲ ਉਨ੍ਹਾਂ ਵਿੱਚੋਂ ਡੇਰੀਅਸ ਦੇ ਕੁੱਝ ਸੈਨਿਕਾਂ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਕੈਦੀ ਬਣਾ ਲਿਆ ਗਿਆ। ਸਿਕੰਦਰ ਨੇ ਡੇਰੀਅਸ ਦੇ ਕੈਦੀ ਬਣਾਏ ਸੈਨਿਕਾਂ ਤੋਂ ਵਿਰੋਧੀ ਸੈਨਾ ਦੀ ਗਿਣਤੀ ਬਾਰੇ ਹੋਰ ਮਹੱਤਵਪੂਰਣ ਸੂਚਨਾਵਾਂ ਪ੍ਰਾਪਤ ਕਰ ਲਈਆਂ। ਸਿਕੰਦਰ ਨੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਆਪਣੇ ਸੈਨਾਪਤੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿਕੰਦਰ ਨੇ ਆਪਣੀ ਸਾਰੀ ਸੈਨਾ ਦਾ ਨਿਰੀਖਣ ਕੀਤਾ। ਚਾਰ ਦਿਨਾਂ ਬਾਅਦ ਸਿਕੰਦਰ ਨੇ ਦੁਬਾਰਾ ਫਿਰ ਆਪਣੀ ਸੈਨਾ ਨੂੰ ਅੱਗੇ ਵੱਧਣ ਦਾ ਹੁਕਮ ਦਿੱਤਾ ਅਤੇ ਡੇਰੀਅਸ ਦੀ ਸੈਨਾ 4-5 ਮੀਲ ਦੇ ਫਰਕ ਤੇ ਰਹਿ ਗਈ ਤਾਂ ਸਿਕੰਦਰ ਨੇ ਆਪਣੀ ਸੈਨਾ ਨੂੰ ਰੁਕ ਜਾਣ ਦਾ ਹੁਕਮ ਦਿੱਤਾ ਅਤੇ ਆਪਣੇ ਸੈਨਾਪਤੀਆਂ ਦੀ ਇਕ ਮੀਟਿੰਗ ਬੁਲਾਈ। ਸਿਕੰਦਰ ਦੇ ਬਹਤੁ ਸਾਰੇ ਸੈਨਾਪਤੀ ਤੁਰੰਤ ਹਮਲਾ ਕਰਨ ਦੇ ਹੱਕ ਵਿੱਚ ਸਨ ਪਰ ਸੈਨਾਪਤੀ ਪਰਮਿਣੀਅਨ ਨੇ ਸੁਝਾਅ ਦਿੱਤਾ ਦਿ ਦੁਸ਼ਮਣ ਉੱਤੇ ਤੁਰੰਤ ਹਮਲਾ ਨਹੀਂ ਕਰਨਾ ਚਾਹੀਦਾ ਸਗੋਂ ਉਸ ਦੀ ਤਰਤੀਬਬੰਦੀ ਅਤੇ ਰੁਕਾਵਟਾਂ ਦਾ ਪਤਾ ਲਗਾਉਣਾ ਚਾਹੀਦਾ ਹੈ। ਸਿਕੰਦਰ ਨੇ ਪਰਮਿਣੀਅਨ ਦਾ ਇਹ ਸੁਝਾਅ ਮੰਨ ਲਿਆ। ਪਰਮਿਣੀਅਨ ਨੇ ਇਕ ਸੁਝਾਅ ਹੋਰ ਦਿੱਤਾ ਕਿ ਦੁਸ਼ਮਣ ਉੱਤੇ ਰਾਤ ਨੂੰ ਹਮਲਾ ਕਰਨ ਵਿੱਚ ਬਹੁਤ ਹੀ ਕਠਿਨਾਈ ਹੋਣੀ ਸੀ।

**5. ਡੇਰੀਅਸ ਦੀ ਸੈਨਾ ਦੀ ਤਰਤੀਬਬੰਦੀ :** ਡੇਰੀਅਸ ਨੇ ਜ਼ਮੀਨ ਨੂੰ ਪੱਧਰਾ ਕਰਕੇ ਗੋਗਾਮੇਲਾ (ਆਰਬੇਲਾ) ਦੇ ਮੈਦਾਨ ਨੂੰ ਇੱਕ ਵੱਡੇ ਪਰੇਡ ਮੈਦਾਨ ਵਿੱਚ ਪਰਿਵਰਤਿਤ ਕਰ ਦਿੱਤਾ ਤੇ ਆਪਣੀ ਸੈਨਾ ਨੂੰ ਇਕ ਕ੍ਰਮ ਵਿੱਚ ਖੜ੍ਹਾ ਕੀਤਾ। ਖੱਬੇ ਪਾਸੇ ਬੈਕਟਰੀਅਨ ਘੋੜ ਸਵਾਰ ਸਨ ਤੇ ਉਨ੍ਹਾਂ ਦੇ ਨਾਲ ਹੀ ਡਹਾਨ ਅਤੇ ਆਰਚੇਟੀਅਨ। ਉਨ੍ਹਾਂ ਤੋਂ ਅੱਗੇ ਇਰਾਨੀ ਘੋੜ ਸਵਾਰ ਤੇ ਪੈਦਲ ਸੈਨਾ ਰਲੀ ਮਿਲੀ ਸੀ। ਇਰਾਨੀਆਂ ਪਿੱਛੋਂ ਮਗਰੋਂ ਸੁਸੀਅਨ ਅਤੇ ਸੁਸੀਅਨਾਂ ਪਿੱਛੇ ਕੈਡੁਸੀਅਨ (Cadusion) ਸਨ। ਸੈਨਾ ਦੇ ਸਾਰੇ ਕ੍ਰਮ ਵਿੱਚ ਖੱਬੀ ਵੱਖੀ ਦੀ ਕੇਂਦਰ ਤੱਕ ਇਹ ਸਥਿਤੀ ਸੀ ਤੇ ਸੱਜੀ ਵੱਖ ਲੋਲੈਂਡ ਸੀਰੀਆ (Lowland Syria) ਤੋਂ ਲੈ ਕੇ ਮੈਸੋਪੋਟਾਮੀਆਂ ਤੱਕ ਫੌਜ ਹੀ ਫੌਜ ਸੀ। ਸੱਜੇ ਪਾਸੇ ਤੋਂ ਹੋਰ ਅੱਗੇ ਕਰਕੇ ਮੀਡਜ਼ (Medes) ਸਨ ਤੇ ਅਗੇਰੇ ਪਾਰਥੀਅਨ (Parthayean) ਤੇ ਸੈਸੀਸੀਅਨ (Sacesinianas) ਸੈਨਾ ਦੇ ਬਹੁ ਰਚਨਾ ਦੇ ਕੇਂਦਰ ਸਨ। ਕੇਂਦਰ ਵਿੱਚ, ਜਿੱਥੇ ਆਪ ਬਾਦਸ਼ਾਹ ਡੇਰੀਅਸ ਸੀ, ਉੱਥੇ ਉਸ ਦੇ ਰਿਸ਼ਤੇਦਾਰ ਵੀ ਖੜ੍ਹੇ ਸਨ। ਧੁਰ ਕੇਂਦਰ ਵਿੱਚ ਇਰਾਨੀ ਸੈਨਿਕ ਸਨ ਜਿਨ੍ਹਾਂ ਨੇ ਬਰਛੇ ਚੁੱਕੇ ਹੋਏ ਸਨ। ਉਪਰੰਤ ਉਹ ਹਿੰਦੁਸਤਾਨੀ ਸਨ ਜਿਨ੍ਹਾਂ ਨੂੰ ਕੈਰੀਅਨ (Carians) ਕਿਹਾ ਜਾਂਦਾ ਸੀ ਤੇ ਮਾਰਡੀਆਂ (Mardian) ਦੇ ਤੀਰ ਅੰਦਾਜ਼। ਅਕੂਸੀਅਨ (Uxians), ਬੇਬੀਲੋਨੀਅਨ (Babylonians), ਲਾਲ ਸਮੁੰਦਰ ਦੇ ਕਬੀਲੇ (Red Sea Tribes), ਸੀਟੈਸੀਅਨ (Sitacenians) ਸਨ ਜੋ ਪਿੱਛੇ ਕਤਾਰਾਂ ਵਿੱਚ ਖੜ੍ਹੇ ਸਨ। ਸੈਨਾ ਦੇ ਅਗਲੇ ਹਿੱਸੇ ਵਿੱਚ ਖੱਬੇ ਪਾਸੇ, ਜਿਸ ਦਾ ਮੂੰਹ ਸਿਕੰਦਰ ਦੀ

ਸੈਨਾ ਦੇ ਸੱਜੇ ਪਾਸੇ ਵੱਲ ਸੀ, ਸਿਥੀਅਨ (Siyathians) ਘੋੜ ਸਵਾਰ, ਕਈ ਹਜ਼ਾਰ ਬੈਕਟਰੀਅਨ (Bactrians) ਤੇ ਕੋਈ ਸੋ ਸਕਿੱਥੀ ਰੱਥ ਸਨ। ਯੂਨਾਨੀ ਸਿਪਾਹੀ, ਜੋ ਡੇਰੀਅਸ ਦੇ ਤੇ ਉਸ ਦੀ ਈਰਾਨੀ ਫੌਜ ਦੇ ਨੇੜੇ ਹੀ ਸਨ, ਮਕਦੂਨੀ ਫੌਜ ਦੇ ਬਿਲਕੁਲ ਸਾਹਮਣੇ ਦੋਵੇਂ ਪਾਸੇ ਇੰਜ ਜੁੜੇ ਖਲੋਤੇ ਸਨ ਕਿ ਦੁਸ਼ਮਣ ਦੀ ਫੌਜ ਦੀ ਯੁੱਧ ਪੰਕਤੀ ਦਾ ਸਾਹਮਣਾ ਕਰ ਸਕਣ।

**5.1 ਸਿਕੰਦਰ ਦੀ ਸੈਨਾ ਦੀ ਤਰਤੀਬਬੰਦੀ :** ਸਿਕੰਦਰ ਨੇ ਜਦੋਂ ਦੇਖਿਆ ਕਿ ਡੇਰੀਅਸ ਨੇ ਬਹੁਤ ਵਿਸ਼ਾਲ ਇਲਾਕੇ ਵਿੱਚ ਸੈਨਾ ਨੂੰ ਤੈਨਾਤ ਕੀਤਾ ਹੋਇਆ ਹੈ ਤਾਂ ਉਸ ਨੇ ਆਪਣੀ ਸੈਨਾ ਨੂੰ ਤਿਰਛੇ ਢੰਗ ਨਾਲ ਤਰਤੀਬਬੰਦੀ ਕਰਨ ਦੀ ਯੋਜਨਾ ਬਣਾਈ। ਸਿਕੰਦਰ ਨੇ ਸੈਨਾ ਨੂੰ ਇਸ ਤਰ੍ਹਾਂ ਤਰਤੀਬਬੰਦ ਕੀਤਾ :

**5.2 ਕੇਂਦਰ :** ਸਿਕੰਦਰ ਨੇ ਕੇਂਦਰ ਵਿੱਚ ਸੱਜੇ ਤੋਂ ਖੱਬੇ ਫਲੈਂਕਸ ਨੂੰ ਲਾਇਆ। ਪਹਿਲਾ ਕੋਇਨਸ (Coenus) ਦੀ ਬਟਾਲੀਅਨ ਅਤੇ ਪਰਡੀਕਾਸ (Perdiccas), ਮੈਲਾਗਰ (Meleagar), ਪੋਲੀਪਰਚੋਨ (Polyperchon), ਅਮਾਨਟਸ (Amyntas) ਅਤੇ ਅਖੀਰ ਵਿੱਚ ਕਰੈਟਰਸ (Createrus) ਚਾਰ ਸੱਜੀਆਂ ਬਟਾਲੀਅਨਾਂ ਨੂੰ, ਘੋੜ



ਸੈਨਾ ਦੇ ਸੱਜੇ ਪਾਸੇ ਨਾਲ ਜਿਨ੍ਹਾਂ ਦੀ ਕਮਾਂਡ ਪਰਮੀਣੀਅਮ ਕਰ ਰਿਹਾ ਸੀ, ਨਾਲ ਸਹਿਯੋਗ ਕਰਨਾ ਸੀ।

**5.3 ਘੋੜ ਸਵਾਰ ਸੈਨਾ ਦੀ ਸੱਜੀ ਬਾਹੀ :** ਇਸ ਬਾਹੀ ਵਿੱਚ ਸੰਗੀ ਸੈਨਾ (Companion) ਦੇ ਘੋੜ ਸਵਾਰ ਜਿਨ੍ਹਾਂ ਦੀ ਕਮਾਂਡ ਫਿਲੋਤਸ ਕਰ ਰਿਹਾ ਸੀ ਅਤੇ ਇਸ ਦੇ ਮੁਹਰੇ ਕਲੀਟਸ (Cleitus) ਅਧੀਨ ਸ਼ਾਹੀ ਸੁਕਾਅਡਰਨ ਸੀ ਅਤੇ ਇਸ ਦੇ ਪਿੱਛੇ ਗਲਾਉਸੀਅਸ (Glaucias), ਅਰਿਸਟਨ (Artiston), ਸੋਪੋਲਿਸ (Sopolis), ਹੈਰਕਲਾਈਡਜ਼ (Heraclides), ਡੈਮੇਟਰੀਅਸ (Demetrius), ਮੈਲੇਗਰ (Melegar) ਅਤੇ ਹੇਗੇਲੋਚਸ (Hegelochus) ਦੀਆਂ ਸੁਕੇਅਡਰਨਾਂ ਸਨ। ਜੰਗੀ ਸੈਨਾ ਦੇ ਸੱਜੇ ਪਾਸੇ ਨਿਕਨੋਰ (Nicanor) ਦੇ ਗੋਲ ਢਾਲ ਵਾਲੇ (Hypaspists) ਸਨ। ਸਾਰੇ ਵਿੰਗ ਦੇ ਸਾਹਮਣੇ ਅਟਾਲਸ (Attyalus) ਤੇ ਐਗਰੀਨੀਅਨਸ (Agrianians), ਅੱਧੇ ਬਰਿਸੇ (Briso) ਦੇ ਮਕਦੂਨੀ ਤੀਰ ਅੰਦਾਜ਼ ਅਤੇ ਬਲਾਕਰਸ (Blacrus) ਦੇ ਨੇਜ਼ੇਆਂ ਵਾਲੇ ਆਦਮੀ ਸਨ।

**5.4 ਘੋੜ ਸਵਾਰ ਸੈਨਾ ਦਾ ਸੱਜਾ ਪਾਸਾ** (Right Cavalry Wing) **:**

ਕਰੇਟਰਸ (Createrus) ਦੇ ਖੱਬੇ ਪਾਸੇ ਪਹਿਲਾਂ ਅਰੀਗੀਅਸ (Erigyus) ਅਧੀਨ ਗਰੀਕ ਘੋੜ ਸਵਾਰ ਸਨ। ਇਸ ਤੋਂ ਖੱਬੇ ਪਾਸੇ ਫਿਲਿਪ ਦੇ ਅਧੀਨ ਥੀਸੀਲੀਅਨ (Thessalians) ਘੋੜ ਸਵਾਰ ਸਨ। ਥੀਸੀਲੀਅਨ ਦੇ ਸਾਹਮਣੇ ਕਰੇਟਨ (Cretan) ਤੀਰ ਅੰਦਾਜ਼ ਅਤੇ ਐਚੀਟਨ (Achean) ਦੇ ਭਾੜੇ ਦੀ ਪੈਦਲ ਸੈਨਾ ਲਗਾਈ ਗਈ। ਥੀਸੀਲੀਅਨ ਦੀ ਸ਼ਕਤੀਸ਼ਾਲੀ ਸੁਕੈਅਰਡਨ ਨੂੰ ਪਰਮੀਨੀਅਨ ਤੇ ਬਾਡੀ ਗਾਰਡ ਦੇ ਤੌਰ 'ਤੇ ਕੰਮ ਕਰਨ ਲਈ ਕਿਹਾ ਗਿਆ।

**5.5 ਸੱਜੇ ਪਾਸੇ ਗਾਰਡ** (Right Flank Guard) **:**

ਸ਼ਾਹੀ ਸੁਕੇਅਡਰਨ ਦੇ ਸੱਜੇ ਪਾਸੇ ਗਰੀਕ ਦੇ ਭਾੜੇ ਦੀ ਘੋੜ ਸਵਾਰ ਸੈਨਾ ਲਗਾਈ ਗਈ ਜਿਹੜੀ ਕਿ ਮੈਨੀਡਸ (Menidas) ਦੇ ਅਧੀਨ ਸੀ। ਇਸ ਦੇ ਪਿੱਛੇ ਅਰਿਸਟਨ (Ariston) ਦੇ ਪੇਇਨੀਅਨ (Phenian) ਘੋੜ ਸਵਾਰ ਅਤੇ ਬਚਦੇ ਅੱਧੇ ਭਾਗ ਵਿੱਚ ਤੀਰ ਅੰਦਾਜ਼ ਲਏ ਗਏ ਸਨ।

**5.6 ਖੱਬੇ ਪਾਸੇ ਗਾਰਡ** (Left Flank Guard) **:**

ਇਸ ਵਿੱਚ ਥਰੇਸੀਅਨ ਹਲਕੀ ਘੋੜ ਸਵਾਰ ਸੈਨਾ, ਜੋ ਕਿ ਸਿਟਾਲਕਸ (Sitalcus) ਦੇ ਅਧੀਨ ਸੀ, ਲਗਾਈ ਗਈ ਅਤੇ ਇਸ ਦੇ ਨਾਲ ਹੀ ਕੋਇਰਨਸ (Coeranus) ਅਧੀਨ ਮਿੱਤਰ ਗਰੀਕ ਘੋੜ ਸਵਾਰ ਸੈਨਾ ਅਗਾਥੋਨ (Agathon) ਅਧੀਨ ਆਰਡੀਸੀਅਨ (Ordysian) ਘੋੜ ਸਵਾਰ ਅਤੇ ਅਖੀਰ ਵਿੱਚ ਐਂਡਰੋਮਾਰਚਸ (Andromarchus) ਅਧੀਨ ਗਰੀਕ ਭਾੜੇ ਦੀ ਘੋੜ ਸਵਾਰ ਸੈਨਾ ਸੀ।

ਉਪਰੋਕਤ ਤਰਤੀਬਬੰਦੀ ਤੋਂ ਬਿਨ੍ਹਾਂ ਖਰੇਸੀਅਨ ਪੈਦਲ ਸੈਨਾ ਦੇ ਕੁੱਝ ਭਾਗ ਨੂੰ ਕੈਂਪ ਦੀ ਰੱਖਿਆ ਕਰਨ ਲਈ ਲਾਇਆ ਗਿਆ।

**6. ਲੜਾਈ ਦਾ ਹਾਲ :** ਸਿਕੰਦਰ ਨੇ 331 ਬੀ.ਸੀ. ਸਵੇਰੇ ਹੀ ਡੇਰੀਅਸ ਤੇ ਪਹਿਲਾ ਹਮਲਾ ਕਰਨ ਦੀ ਯੋਜਨਾ ਬਣਾਈ। ਸਿਕੰਦਰ ਨੇ ਆਪਣੀ ਸੈਨਾ ਨੂੰ ਤਿਰਛੇ ਢੰਗ ਨਾਲ ਡੇਰੀਅਸ ਦੀ ਸੈਨਾ ਦੇ ਖੱਬੇ ਪਾਸੇ ਵੱਲ ਹਮਲਾ ਕਰਨ ਲਈ ਅੱਗੇ ਵਧਾਇਆ। ਜਦੋਂ ਡੇਰੀਅਸ ਨੇ ਵੇਖਿਆ ਸਿਕੰਦਰ ਦੀ ਸੈਨਾ ਅੱਗੇ ਵੱਧ ਰਹੀ ਹੈ ਤਾਂ ਉਸ ਨੇ ਆਪਣੇ ਘੋੜ ਸਵਾਰਾਂ ਨੂੰ ਅੱਗੇ ਵੱਧਣ ਦਾ ਆਦੇਸ਼ ਦਿੱਤਾ ਪਰ ਸਿਕੰਦਰ ਦੀ ਸੈਨਾ ਲਗਾਤਾਰ ਅੱਗੇ ਵੱਧਦੀ ਗਈ ਕਿਉਂਕਿ ਸਿਕੰਦਰ ਚਾਹੁੰਦਾ ਸੀ ਸੈਨਾ ਡੇਰੀਅਸ ਦੁਆਰਾ ਤਿਆਰ ਕੀਤੇ ਸਮਤਲ ਮੈਦਾਨ ਨੂੰ ਪਾਰ ਕਰ ਲਵੇ ਅਤੇ ਫਿਰ ਉੱਚੀ ਨੀਵੀਂ ਧਰਤੀ ਉੱਤੇ ਡੇਰੀਅਸ ਦੇ ਰੱਥ ਪੂਰੀ ਕਾਰਜ਼ ਕੁਸ਼ਲਤਾ ਨਾਲ ਕੰਮ ਨਹੀਂ ਕਰ ਸਕਣਗੇ ਅਤੇ ਬੇਕਾਰ ਹੋ ਜਾਣਗੇ। ਜਦੋਂ ਡੇਰੀਅਸ ਨੇ ਵੇਖਿਆ ਕਿ ਸਿਕੰਦਰ ਦੀ ਸੈਨਾ ਬਹੁਤ ਤੇ ਜ਼ੀ ਨਾਲ ਅੱਗੇ ਵੱਧ ਰਹੀ ਹੈ ਤਾਂ ਉਸ ਨੇ ਸੈਨਾਪਤੀ ਬੇਸਸ ਨੂੰ ਸਿਕੰਦਰ ਦੀ ਘੋੜ ਸਵਾਰ ਸੈਨਾ 'ਤੇ ਤੁਰੰਤ ਹਮਲਾ ਕਰਨ ਦਾ ਹੁਕਮ ਦਿੱਤਾ ਪਰ ਸਿਕੰਦਰ ਦੀ ਸੈਨਾ ਦੀ ਤਰਫ ਤੋਂ ਕੀਤਾ ਗਿਆ ਹਮਲਾ ਸਫਲ ਨਾ ਹੋ ਸਕਿਆ। ਉਸ ਦੇ ਸੈਨਿਕ ਪਿੱਛੇ ਹੱਟ ਗਏ ਤਾਂ ਜੋ ਸਿਕੰਦਰ ਦੀ ਅੱਗੇ ਵੱਧ ਰਹੀ ਸੈਨਾ ਨੂੰ ਰੋਕਿਆ ਜਾ ਸਕੇ। ਸਿਕੰਦਰ ਨੇ ਡੇਰੀਅਸ ਦੀ ਇਹ ਚਾਲ ਦੇਖਦੇ ਹੋਏ ਆਪਣੀ ਘੋੜ ਸਵਾਰ ਸੈਨਾ ਨੂੰ ਹਮਲਾ ਕਰਨ ਦਾ ਆਦੇਸ਼ ਦਿੱਤਾ ਪਰ ਡੇਰੀਅਸ ਨੇ ਆਪਣੀ ਸਫਲਤਾ ਦੇਖਦੇ ਹੋਏ ਆਪਣੀ ਰੱਥ ਸੈਨਾ ਨੂੰ ਸਿਕੰਦਰ ਦੀ ਫੇਲੈਂਕਸ ਸੈਨਾ ਉੱਤੇ ਹਮਲਾ ਕਰਨ ਲਈ ਭੇ ਜਿਆ। ਪਰ ਸਿਕੰਦਰ ਦੀ ਸੈਨਾ ਨੇ 24 ਫੁੱਟ ਲੰਬੇ ਬਰਛਿਆਂ ਦੇ ਨਾਲ ਡੇਰੀਅਸ ਦੀ ਰੱਥ ਸੈਨਾ ਦਾ ਬਹੁਤ ਨੁਕਸਾਨ ਕੀਤਾ ਅਤੇ ਉਸ ਨੂੰ ਅੱਗੇ ਵੱਧਣ ਤੋਂ ਰੋਕ ਦਿੱਤਾ ਜਦੋਂ ਡੇਰੀਅਸ ਦੀ ਰੱਥ ਸੈਨਾ ਅਸਫਲ ਹੋ ਗਈ ਤਾਂ ਸਿਕੰਦਰ ਨੇ ਵਿਰੋਧੀ ਸੈਨਾ ਉੱਤੇ ਦਬਾਅ ਪਾਉਣ ਲਈ ਬੜੀ

ਤੇਜ਼ੀ ਨਾਲ ਆਪਣੀ ਘੋੜ ਸਵਾਰ ਸੈਨਾ ਅਤੇ ਫੇਲੈਂਕਸ ਸੈਨਾ ਦੀ ਸਹਾਇਤਾ ਨਾਲ ਵਿਰੋਧੀ ਸੈਨਾ ਦੇ ਕੇਂਦਰ ਉੱਤੇ ਹਮਲਾ ਕੀਤਾ ਜਿਸ ਫੌਜ ਦੀ ਡੇਰੀਅਸ ਆਪ ਕਮਾਂਡ ਕਰ ਰਿਹਾ ਸੀ। ਸਿਕੰਦਰ ਦੇ ਸੈਨਿਕਾਂ ਨੇ ਪੂਰੇ ਜੋਸ਼ ਨਾਲ ਹਮਲਾ ਕੀਤਾ ਜਿਸ ਕਾਰਨ ਡੇਰੀਅਸ ਆਪ ਇਕ ਦਮ ਪਿੱਛੇ ਹਟ ਗਿਆ ਕਿਉਂਕਿ ਸਿਕੰਦਰ ਦੀ ਫੇਲੈਂਕਸ ਸੈਨਾ ਨੇ ਲੰਬੇ ਨੇਜ਼ਿਆਂ ਨਾਲ ਬੜੇ ਜੋਸ਼ ਨਾਲ ਹਮਲਾ ਕੀਤਾ ਸੀ। ਉਸ ਵਕਤ ਸਿਕੰਦਰ ਦੀ ਘੋੜ ਸਵਾਰ ਸੈਨਾ ਨੇ ਇਕ ਹੋਰ ਹਮਲਾ ਕੀਤਾ ਜਿਸ ਕਾਰਨ ਡੇ ਰੀਅਸ ਦੀ ਸੈਨਾ ਮੈਦਾਨ ਵਿੱਚੋਂ ਭੱਜਣ ਲੱਗੀ ਜਿਸ ਦਾ ਸਿਕੰਦਰ ਦੇ ਸੈਨਿਕਾਂ ਨੇ ਪਿੱਛਾ ਕੀਤਾ ਅਤੇ ਬਹੁਤ ਸਾਰੇ ਇਰਾਨੀ ਸੈਨਿਕਾਂ ਦਾ ਕਤਲ ਕਰ ਦਿੱਤਾ।

ਸਿਕੰਦਰ ਦੇ ਤਿਰਛੇ ਹਮਲੇ ਦੇ ਕਾਰਨ ਉਸ ਦੀ ਸੈਨਾ ਦੀ ਖੱਬੀ ਬਾਂਹ ਡੇਰੀਅਸ ਦੀ ਸੈਨਾ ਦੇ ਸੱਜੇ ਪਾਸੇ ਪਿਛਲੀ ਤਰਫ ਚਲੀ ਗਈ ਸੀ ਜਿਸ ਕਾਰਨ ਸਿਕੰਦਰ ਨੇ ਕੇਂਦਰ ਵਿੱਚੋਂ ਡੇਰੀਅਸ ਦੇ ਸੈਨਿਕਾਂ ਦੀ ਸਮਾਨ ਢੋਣ ਵਾਲੀਆਂ ਗੱਡੀਆਂ ਉੱਤੇ ਹਮਲਾ ਕਰਾ ਦਿੱਤਾ। ਸਿਕੰਦਰ ਦੇ ਸੈਨਿਕਾਂ ਨੇ ਤੁਰੰਤ ਇਸ ਹਮਲੇ ਨੂੰ ਰੋਕਿਆ ਅਤੇ ਬਹੁਤ ਸਾਰੇ ਇਰਾਨੀ ਸੈਨਿਕਾਂ ਨੂੰ ਮਾਰ ਦਿੱਤਾ। ਅਜੇ ਇੱਥੇ ਇਹ ਸੰਘਰਸ਼ ਹੀ ਹੋ ਰਿਹਾ ਸੀ ਕਿ ਡੇਰੀਅਸ ਦੇ ਕੁੱਝ ਸੈਨਿਕਾਂ ਨੇ ਪਰਮਿਣੀਅਣ ਨੂੰ ਘੇਰ ਲਿਆ।

ਪਰਮਿਣੀਅਨ ਨੇ ਸਿਕੰਦਰ ਦੀ ਮੱਦਦ ਮੰਗੀ। ਉਸ ਸਮੇਂ ਸਿਕੰਦਰ ਡੇਰੀਅਸ ਦੇ ਖੱਬੇ ਪਾਸੇ ਵੱਲ ਸੈਨਾ ਦਾ ਪਿੱਛਾ ਕਰ ਰਿਹਾ ਸੀ। ਪਰ ਉਹ ਤੁਰੰਤ ਪਰਮਿਣੀਅਮ ਦੀ ਸਹਾਇਤਾ ਲਈ ਆ ਗਿਆ ਅਤੇ ਇਰਾਨੀ ਸੈਨਿਕਾਂ ਦੇ ਪਿੱਛੇ ਦੀ ਹਮਲਾ ਕਰ ਦਿੱਤਾ। ਇਰਾਨੀ ਸੈਨਿਕ ਦੋਹਾਂ ਪਾਸਿਆਂ ਤੋਂ ਘਿਰ ਗਏ, ਪਰ ਉਹ ਪੂਰੀ ਬਹਾਦਰੀ ਨਾਲ ਲੜਦੇ ਰਹੇ। ਜਦੋਂ ਇਰਾਨੀ ਸੈਨਿਕ ਪਿੱਛੇ ਹਟਣ ਲੱਗੇ ਤਾਂ ਸਿਕੰਦਰ ਦੀ ਸੈਨਾ ਨੇ ਉਨ੍ਹਾਂ ਦਾ ਪਿੱਛਾ ਕੀਤਾ। ਡੇਰੀਅਸ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ ਅਤੇ ਰਾਤ ਹੋ ਜਾਣ ਕਾਰਨ ਉੱਥੋਂ ਬਹਤ ਸਾਰੇ ਸੈਨਿਕ ਭੱਜ ਗਏ। ਇਸ ਤਰ੍ਹਾਂ ਆਰਬੇਲਾ ਦੀ ਲੜਾਈ ਵਿੱਚ ਸਿਕੰਦਰ ਨੇ ਇਰਾਨੀ ਸੈਨਾ ਉੱਤੇ ਜਿੱਤ ਪ੍ਰਾਪਤ ਕਰ ਲਈ।

### 6.1 ਨੁਕਸਾਨ :

ਏਰੀਅਨ ਦੇ ਅਨੁਸਾਰ ਡੇਰੀਅਸ ਦੇ ਲਗਭਗ 3 ਲੱਖ ਤੋਂ ਵੱਧ ਸੈਨਿਕ ਮਾਰੇ ਗਏ ਅਤੇ 3 ਲੱਖ ਤੋਂ ਵੱਧ ਸੈਨਿਕਾਂ ਨੂੰ ਬੰਦੀ ਬਣਾ ਲਿਆ ਗਿਆ। ਕਰਟੀਅਸ ਨੇ ਡੇਰੀਅਸ ਦੇ 40 ਹਜ਼ਾਰ ਸੈਨਿਕ ਮਾਰੇ ਦੱਸੇ ਸਨ ਤੇ ਡਾਇਓਡੋਰਸ ਨੇ 90 ਹਜ਼ਾਰ ਸੈਨਿਕ ਮਾਰੇ ਦੱਸੇ ਸਨ।

ਸਿਕੰਦਰ ਦੇ ਨੁਕਸਾਨ ਬਾਰੇ ਏਰੀਅਨ ਨੇ ਦੱਸਿਆ ਹੈ ਕਿ 100 ਸੈਨਿਕ ਅਤੇ 1000 ਘੋੜੇ ਮਾਰੇ ਗਏ। ਕਰਟੀਅਸ ਦੇ ਅਨੁਸਾਰ 300 ਸੈਨਿਕ ਅਤੇ ਡਾਇਓਡੋਰਸ ਨੇ 500 ਸੈਨਿਕ ਮਾਰੇ ਗਏ ਦੱਸੇ ਹਨ।

## 7. ਯੁੱਧ ਦੇ ਸਿਧਾਂਤ

**7.1 ਹਮਲਾਵਰੀ ਕਾਰਵਾਈ :** ਇਸ ਲੜਾਈ ਵਿੱਚ ਸਿਕੰਦਰ ਨੇ ਡੇਰੀਅਸ ਦੀਆਂ ਸੈਨਾਵਾਂ ਤੇ ਪਹਿਲਾ ਹਮਲਾ ਕਰਕੇ ਹਮਲਾਵਰੀ ਕਾਰਵਾਈ (Offensive action) ਸਿਧਾਂਤ ਅਪਣਾਇਆ। ਦੂਜੇ ਪਾਸੇ ਡੇਰੀਅਸ ਆਪਣੀਆਂ ਜ਼ਿਆਦਾ ਸੈਨਾਵਾਂ ਦਾ ਕੋਈ ਖਾਸ ਲਾਭ ਨਾ ਉਠਾ ਸਕਿਆ। ਵੱਧ ਸੈਨਾਵਾਂ ਹੁੰਦਿਆਂ ਹੋਇਆਂ ਵੀ ਉਸ ਨੇ ਸਿਕੰਦਰ ਦੀ ਸੈਨਾ ਨੂੰ ਆਪਣੇ ਘੇਰੇ ਵਿੱਚ ਲੈਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਪਰ ਦੂਜੇ ਪਾਸੇ ਸਿਕੰਦਰ ਦੀਆਂ ਹਮਲਾਵਰੀ ਕਾਰਵਾਈਆਂ ਨੇ ਉਸ ਨੂੰ ਜਿੱਤ ਹਾਸਲ ਕਰਨ ਵਿੱਚ ਬਹੁਤ ਮੱਦਦ ਕੀਤੀ।

**7.2 ਫੌਜਾਂ ਦੀ ਇਕੱਠਤਾ :** ਫੌਜਾਂ ਘੱਟ ਹੁੰਦਿਆਂ ਹੋਇਆਂ ਵੀ ਸਿਕੰਦਰ ਨੇ ਫੌਜਾਂ ਦੀ ਇਕੱਠਤਾ (Concentration of forces) ਦੇ ਸਿਧਾਂਤ ਦੀ ਪੂਰੀ ਸਫਲਤਾ ਨਾਲ ਵਰਤੋਂ ਕੀਤੀ। ਉਸ ਨੇ ਆਪਣੀਆਂ ਸੈਨਾਵਾਂ ਦੀ ਇਸ ਢੰਗ ਨਾਲ ਤਰਤੀਬਬੰਦੀ ਕੀਤੀ ਜਿਸ ਨਾਲ ਡੇਰੀਅਸ ਕੋਈ ਖਾਸ ਸਫਲਤਾ ਹਾਸਿਲ ਨਾ ਕਰ ਸਕਿਆ। ਉਸ ਨੇ ਆਪਣੀ ਸੈਨਾ ਨੂੰ ਲੜਾਈ ਦੇ ਮੈਦਾਨ ਵਿੱਚ ਦੂਰ-ਦੂਰ ਤੱਕ ਇਸ ਤਰ੍ਹਾਂ ਰੱਖਿਆ ਕਿ ਲੋੜ ਪੈਣ ਤੇ ਇਕਦਮ ਇਕੱਠਾ ਕਰਕੇ ਹਮਲਾ ਕੀਤਾ ਜਾ ਸਕੇ।

**7.3 ਆਪਸੀ ਸਹਿਯੋਗ :** ਇਸ ਤੋਂ ਇਲਾਵਾ ਸਿਕੰਦਰ ਦੀਆਂ ਫੌਜਾਂ ਵਿੱਚ

ਪੂਰਾ ਆਪਸੀ ਤਾਲਮੇਲ (Cooperation) ਸੀ ਜਦੋਂ ਕਿ ਡੇਰੀਅਸ ਦੀ ਸੈਨਾਵਾਂ ਵਿੱਚ ਆਪਸੀ ਸਹਿਯੋਗ ਦੀ ਕਮੀ ਸੀ।

**7.4 ਹੌਂਸਲਾ :** ਸਿਕੰਦਰ ਦੀਆਂ ਸੈਨਾਵਾਂ ਹੌਂਸਲੇ (Morale) ਨਾਲ ਭਰੀਆਂ ਹੋਈਆਂ ਸਨ। ਲੜਾਈ ਵੇਲੇ ਵੀ ਸਿਕੰਦਰ ਨੇ ਆਪ ਅੱਗੇ ਵੱਧ ਕੇ ਸੈਨਿਕਾਂ ਨੂੰ ਹੱਲਾਸ਼ੇਰੀ ਦਿੱਤੀ ਜਿਸ ਨਾਲ ਸੈਨਿਕਾਂ ਦਾ ਉਤਸ਼ਾਹ ਦੁਗਣਾ ਹੋ ਗਿਆ ਤੇ ਉਸ ਦੀ ਫੇਲੈਂਕਸ (Phalanx) ਸੈਨਾ ਨੇ ਡੇਰੀਅਸ ਦੀਆਂ ਸੈਨਾਵਾਂ ਦਾ ਕਾਫੀ ਨੁਕਸਾਨ ਕੀਤਾ ਤੇ ਨਾਲ ਹੀ ਫੇਲੈਂਕਸ ਯੁੱਧ ਕਲਾ ਪ੍ਰਸਿੱਧ ਹੋਈ ਅਤੇ ਡੇਰੀਅਸ ਦਾ ਪਤਨ ਹੋ ਗਿਆ।

## ਅਭਿਆਸ ਲਈ ਪ੍ਰਸ਼ਨ

1. ਆਰਬੇਲਾ ਦੀ ਲੜਾਈ ਦਾ ਨਕਸ਼ਾਂ ਬਣਾਉ।
2. ਆਰਬੇਲਾ ਦੀ ਲੜਾਈ ਵਿੱਚ ਯੁੱਧ ਦੇ ਕਿਹੜੇ-ਕਿਹੜੇ ਸਿਧਾਂਤ ਵਰਤੇ ਗਏ?
3. ਆਰਬੇਲਾ ਦੀ ਲੜਾਈ ਦੀ ਹਾਰ ਜਿੱਤ ਦੇ ਕਾਰਣ ਦੱਸੋ?

## ਹੋਰ ਪੜ੍ਹਨ ਲਈ ਪੁਸਤਕਾਂ

J.F.C. Fuller : Decisive Battles of the Western World and their influence on History

J.F.C. Fuller : Generalship of Alexander the Great.

**ਪਾਠ ਨੰ: 1.2**

# ਕੈਨੇ ਦੀ ਲੜਾਈ — 216 ਬੀ.ਸੀ.
# (Battle of Cannae - 216 B.C.)

**1. ਭੂਮਿਕਾ :** ਪਿਛਲੇ ਪਾਠ ਵਿੱਚ ਅਸੀਂ ਆਰਬੇਲਾ ਦੀ ਲੜਾਈ ਦਾ ਵਿਸਤਾਰ ਸਹਿਤ ਅਧਿਐਨ ਕੀਤਾ ਅਤੇ ਵੇਖਿਆ ਕੀ ਕਿਸ ਤਰ੍ਹਾਂ ਸੂਝਵਾਨ ਜਰਨੈਲ ਆਪਣੀ ਸਮਝ ਅਤੇ ਯੁੱਧਨੀਤਕ ਚਾਲਾਂ ਨਾਲ ਥੋੜ੍ਹੀਆਂ ਫੌਜਾਂ ਹੋਣ ਦੇ ਬਾਵਜੂਦ ਵੀ ਜਿੱਤ ਹਾਸਿਲ ਕਰਦੇ ਹਨ ਅਤੇ ਯੁੱਧ ਦੇ ਸਿਧਾਂਤਾਂ ਦਾ ਖੂਬਸੂਰਤੀ ਨਾਲ ਇਸਤੇਮਾਲ ਕਰਦੇ ਹਨ। ਹੁਣ ਅਸੀਂ ਇਸ ਪਾਠ ਵਿੱਚ ਰੋਮਨ ਅਤੇ ਕਾਰਥੇਜ ਸੈਨਾਵਾਂ ਦਰਮਿਆਨ ਲੜੀ ਗਈ ਕੈਨੇ ਦੀ ਲੜਾਈ ਬਾਰੇ ਵਿਸਤਾਰ ਸਹਿਤ ਪੜਾਂਗੇ ਅਤੇ ਯੁੱਧ ਦੇ ਕੁੱਝ ਹੋਰ ਪੱਖਾਂ ਬਾਰੇ ਜਾਣਕਾਰੀ ਹਾਸਿਲ ਕਰਾਂਗੇ

ਕੈਨੇ ਦੀ ਲੜਾਈ 2 ਅਗਸਤ 216 ਬੀ.ਸੀ. ਵਿੱਚ ਕੈਨੇ ਨਾਮਕ ਸਥਾਨ ਉੱਤੇ ਰੋਮਨ ਦੀ ਲੀਜ਼ਨ ਸੈਨਾਵਾਂ ਅਤੇ ਕਾਰਥੇਜ ਸੈਨਾਵਾਂ ਵਿੱਚ ਲੜੀ ਗਈ। ਇਸ ਲੜਾਈ ਵਿੱਚ ਲੀਜ਼ ਨ ਸੈਨਾਵਾਂ ਦੀ ਕਮਾਨ ਸੈਨਾਪਤੀ ਵੈਰੋ (Verro) ਕਰ ਰਿਹਾ ਸੀ ਜਦੋਂ ਕਿ ਕਾਰਥੇ ਜ ਸੈਨਾਵਾਂ ਦੀ ਕਮਾਨ ਸੈਨਾਪਤੀ ਹਨੀਬਾਲ (Hannibal) ਦੇ ਹੱਥ ਵਿੱਚ ਸੀ। ਕਾਰਥੇ ਜ ਅਫਰੀਕਾ ਦੇ ਉੱਤਰ ਵਿੱਚ ਭੂਮੱਧ ਸਾਗਰ ਦੇ ਦੱਖਣੀ ਕੰਢੇ ਤੇ ਵਸਿਆ ਹੋਇਆ ਇਕ ਵਪਾਰਕ ਨਗਰ ਸੀ ਜਿਸ ਨੂੰ ਵਸਾਉਣ ਵਾਲੇ ਜ਼ਿਆਦਾਤਰ ਨਿਵਾਸੀ ''ਸੈਮਾਈਟ'' ਸਨ। ਕਾਰਥੇਜ ਨਗਰ ਵਪਾਰਕ ਤੌਰ 'ਤੇ ਕਾਫੀ ਮਹੱਤਵਪੂਰਣ ਸੀ ਜਿਸ ਉੱਤੇ ਕਬਜ਼ ਾ ਕਰਨ ਲਈ ਰੋਮ ਅਤੇ ਕਾਰਥੇਜ ਸੈਨਾਵਾਂ ਵਿਚਕਾਰ ਕਈ ਸਾਲ ਜੰਗਾਂ ਹੁੰਦੀਆਂ ਰਹੀਆਂ ਜਿਹਨਾਂ ਨੂੰ ''ਪਿਊਨਿਕ ਜੰਗਾਂ'' (Punic Wars) ਕਿਹਾ ਜਾਂਦਾ ਹੈ। ਪਹਿਲੀ ਪਿਊਨਿਕ ਜੰਗ 231-241 ਈ. ਪੂਰਵ ਵਿੱਚ ਅਤੇ ਦੂਜੀ ਪਿਊਨਿਕ ਜੰਗ 217-202 ਈ. ਪੂਰਵ ਵਿੱਚ ਲੜੀ ਗਈ ਸੀ। ਪਹਿਲੀ ਜੰਗ ਵਿੱਚ ਰੋਮ ਨੇ ਕਾਰਥੇਜਾਂ ਨੂੰ ਹਰਾਇਆ ਸੀ ਅਤੇ ਦੂਜੀ ਜੰਗ ਵਿੱਚ ਸੈਨਾਪਤੀ ਹਨੀਬਾਲ ਦੀ ਜਿੱਤ ਹੋਈ ਸੀ। ਇਸ ਲਈ ਹਨੀਬਾਲ ਨੂੰ ਹਰਾਉਣ ਲਈ ਸੈਨਾਪਤੀ ਵੈਰੋ ਨੂੰ ਰੋਮ ਸੈਨਾ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਸੀ।

## 2. ਰੋਮਨਾਂ ਦਾ ਸੈਨਿਕ ਸੰਗਠਨ :

ਪੁਰਾਤਨ ਰੋਮ ਵਿੱਚ ਮਿਲਟਰੀ ਯੂਨਿਟ ਨੂੰ ਲੀਜ਼ਨ ਕਿਹਾ ਜਾਂਦਾ ਸੀ, ਜੋ ਕਿ ਕਬੀਲਿਆਂ ਦੇ ਇਕੱਠੇ ਹੋਣ ਨਾਲ ਬਣਦੀ ਸੀ। ਇਸ ਵਿੱਚ ਰੋਮ ਨਗਰ ਦੇ ਪ੍ਰਤੀਨਿਧਾਂ ਦੀ ਭਰਤੀ ਕੀਤੀ ਜਾਂਦੀ ਸੀ ਜਿਹੜੇ ਅਸਲੀ ਜਾਤੀਆਂ (Tribes) ਨਾਲ ਸਬੰਧ ਰੱਖਦੇ ਸਨ। ਰੋਮ ਵਿੱਚ ਇਨ੍ਹਾਂ ਨੂੰ ਹਥਿਆਰ ਚੁੱਕਣ ਦਾ ਅਧਿਕਾਰ ਪ੍ਰਾਪਤ ਸੀ। ਇਹ ਇਕੱਠੇ ਹੋ

ਕੇ ਹਥਿਆਰਬੰਦ ਯੋਧਿਆਂ ਦੀ ਟੁਕੜੀ ਤਿਆਰ ਕਰਦੇ ਸਨ। ਇਨ੍ਹਾਂ ਨੂੰ ਯੁੱਧ ਦੇ ਦੇਵਤੇ ਦੀ ਸੌਂਹ ਖਵਾਈ ਜਾਂਦੀ ਸੀ। ਇਹ ਕੰਮ ਪੁਸ਼ਤ ਦਰ ਪੁਸ਼ਤ ਚਲਦਾ ਰਹਿੰਦਾ ਸੀ।

ਅਸਲ ਵਿੱਚ ਲੀਜ਼ਨ ਇਕ ਫੇਲੈਂਕਸ ਵਰਗੀ ਸੈਨਾ ਹੁੰਦੀ ਸੀ। ਦੋ ਲੀਜ਼ਨਾਂ ਦੀ ਕਮਾਂਡ ਇਕ ਕੌਂਸਲ (Consul) ਕਰਦਾ ਸੀ। ਸ਼ੁਰੂ ਵਿੱਚ ਇਕ ਲੀਜ਼ਨ ਵਿੱਚ 3000 ਤੋਂ 4000 ਆਦਮੀ ਹੁੰਦੇ ਸਨ। ਲੋੜ ਪੈਣ 'ਤੇ ਇਸ ਦੀ ਗਿਣਤੀ ਵਧਾ ਜਾਂ ਘਟਾ ਲਈ ਜਾਂਦੀ ਸੀ। ਇਸ ਵਿੱਚ ਅੱਠ ਰੈਂਕਾਂ (Ranks) ਵਿੱਚ ਸੈਨਿਕ ਹੁੰਦੇ ਸਨ ਜਿਨ੍ਹਾਂ ਵਿੱਚ ਛੇ ਭਾਰੀ ਹਥਿਆਰਾਂ ਨਾਲ ਅਤੇ ਦੋ ਹਲਕੇ ਹਥਿਆਰਾਂ ਨਾਲ ਲੈਸ ਹੁੰਦੇ ਸਨ। ਇਨ੍ਹਾਂ ਵਿੱਚ ਕੋਈ ਰਿਜ਼ਰਵ ਸੈਨਿਕ ਨਹੀਂ ਹੁੰਦਾ ਸੀ। ਯੂਨਾਨੀ ਫੇਲੈਂਕਸ ਵਾਂਗ ਇਨ੍ਹਾਂ ਦਾ ਯੁੱਧਨੀਤਕ ਦਾਅ-ਪੇਚ ਸਿੱਧਾ ਟਕਰਾਵ ਹੁੰਦਾ ਸੀ। ਇਸ ਦੀ ਮੱਦਦ ਘੋੜ ਸਵਾਰ ਸੈਨਾ ਵੀ ਕਰਦੀ ਸੀ। ਇਸ ਦਾ ਮੁਕਾਬਲਾ ਕਰਨਾ ਕਾਫ਼ੀ ਮੁਸ਼ਕਲ ਕੰਮ ਸੀ।

ਪਰ ਉਪਰੋਕਤ ਪ੍ਰਬੰਧ ਵਿੱਚ ਮਾਰਕਸ ਫਿਊਰੀਅਸ ਕੈਮੀਲਸ (Marcus Furius-Camillus) ਨੇ ਜੋ ਕਿ ਗਾਲਿਕ (Gallic) ਯੁੱਧਾਂ ਦਾ ਮਸ਼ਹੂਰ ਰੋਮਨ ਜਰਨੈਲ ਸੀ, ਕੁਸ਼ਲਤਾ ਨੂੰ ਵਧਾਉਣ ਲਈ ਸੈਨਿਕਾਂ ਦੁਆਰਾ ਬਦਲ ਦਿੱਤਾ ਗਿਆ। ਉਸ ਨੇ ਫੌਜ ਦੀ ਕੁਸ਼ਲਤਾ ਬਨਾਉਣ ਲਈ ਵੁਮਰ ਅਤੇ ਤਜ਼ਰਬੇ ਦਾ ਫਾਇਦਾ ਉਠਾਇਆ। ਭਾਰੀ ਪੈਦਲ, ਜੋ ਕਿ ਅਸਲੀ ਲੀਜ਼ਨ ਸੈਨਾਵਾਂ ਸਨ, ਨੂੰ ਤਿੰਨ ਭਾਗਾਂ ਹਸਤੱਤੀ (Hastati), ਪ੍ਰਿੰਸੀਪਸ (Principus) ਅਤੇ ਟਰੀਆਰੀ (Triarri) ਵਿੱਚ ਸੰਗਠਿਤ ਕੀਤਾ ਗਿਆ। ਪਹਿਲੀ ਤੇ ਦੂਜੀ ਵਿੱਚ ਜੁਆਨ ਅਤੇ ਤੀਜੀ ਵਿੱਚ ਜ਼ਿਆਦਾ ਉਮਰ ਦੇ ਸੈਨਿਕ ਸਨ। ਇਸ ਦੇ ਨਾਲ-ਨਾਲ ਹਲਕੀ ਪੈਦਲ ਸੈਨਾ (Velites) ਨੂੰ ਵੀ ਸੰਗਠਿਤ ਰੱਖਿਆ ਗਿਆ। ਲੜਾਈ ਵੇਲੇ ਸਭ ਤੋਂ ਮੂਹਰੇ ਹਸੱਤਤੀ ਨੂੰ, ਦੂਜੇ ਨੰਬਰ ਤੇ ਪ੍ਰਿੰਸੀਪਸ ਨੂੰ ਅਤੇ ਆਖਰ ਵਿੱਚ ਤਰੀਆਰੀ ਨੂੰ ਲਗਾਇਆ ਜਾਂਦਾ ਸੀ। ਇਨ੍ਹਾਂ ਦੀ ਹਰੇਕ ਡਵੀਜ਼ਨ ਨੂੰ 10 ਕੰਪਨੀਆਂ ਵਿੱਚ ਵੰਡਿਆ ਜਾਂਦਾ ਸੀ। ਪਹਿਲੀਆਂ ਦੋ ਵਿੱਚ 120 ਸੈਨਿਕ ਅਤੇ ਤੀਜੀ ਵਿੱਚ 60 ਸੈਨਿਕ ਹੁੰਦੇ ਸਨ। ਇਕ ਦਲ ਵਿੱਚ ਹਰੇਕ ਤਰ੍ਹਾਂ ਦਾ ਇਕ ਦਸਤਾ ਜਿਸ ਵਿੱਚ 120 ਹਲਕੇ ਹਥਿਆਰਾਂ ਵਾਲੇ ਸੈਨਿਕ ਵੀਲਾਈਟ (Velites) ਅਤੇ ਘੋੜਾ ਸੈਨਾ ਦੀ ਇਕ ਸੁਕਾਅਡਨ (Bostrons) ਹੁੰਦੀ ਸੀ। ਇਸ ਵਿੱਚ ਕੁਲ ਮਿਲਾ ਕੇ 480 ਸੈਨਿਕ ਹੋ ਜਾਂਦੇ ਸਨ। ਦਸ ਢਾਲਾਂ (Cohorts) ਦਾ ਇਕ ਲੀਜ਼ਨ ਬਣਦਾ ਸੀ। ਲੜਾਈ ਦੇ ਮੈਦਾਨ ਵਿੱਚ ਦਸਤੇ ਚੀਨੀ ਖੇਡ (Chequer) ਦੀ ਤਰ੍ਹਾਂ ਲਾਏ ਜਾਂਦੇ ਹਨ। ਪਹਿਲੀ ਲਾਈਨ ਵਿੱਚ ਖਾਲੀ ਜਗ੍ਹਾ ਦੇ ਪਿੱਛੇ ਦੂਜੀ ਲਾਈਨ ਵਿੱਚ ਦਸਤੇ ਲਾਏ ਜਾਂਦੇ ਸਨ ਅਤੇ ਇਸ ਤਰ੍ਹਾਂ ਹੀ ਦੂਜੀ ਲਾਈਨ ਵਿੱਚ ਖਾਲੀ ਜਗ੍ਹਾ ਦੇ ਪਿੱਛੇ ਤੀਜੀ ਲਾਈਨ ਵਿੱਚ ਦਸਤੇ ਲਾਏ ਜਾਂਦੇ ਸਨ। ਘੋੜ ਸੈਨਾ ਦੀ ਹਾਲਤ ਵਿੱਚ 10 ਸੁਕਆਡਨਾਂ ਦਾ ਇਕ ਵਿੰਗ ਬਣਦਾ ਸੀ।

ਹਲਕੀ ਪੈਦਲ ਸੈਨਾ (Velites) ਕੋਲ ਤਲਵਾਰ ਅਤੇ ਭਾਲੇ (Spear) ਆਦਿ ਹੁੰਦੇ ਸਨ। ਭਾਲੇ ਸਿਰਫ ਦੁਸ਼ਮਣ ਵੱਲ ਦੂਰ ਤੋਂ ਹੀ ਸੁੱਟੇ ਜਾਂਦੇ ਸਨ। ਹੱਸਤਤੀ ਕੋਲ ਵੱਡੀ ਢਾਲ ਹੁੰਦੀ ਸੀ ਜਿਹੜੀ ਚਾਰ ਫੁੱਟ ਲੰਮੀ ਦੇ ਢਾਈ ਫੁੱਟ ਚੌੜੀ ਹੁੰਦੀ ਸੀ।

ਇਹ ਲੱਕੜੀ ਦੀਆਂ ਦੋ ਤੈਹਾਂ ਨੂੰ ਜੋੜ ਕੇ ਬਣਾਈ ਜਾਂਦੀ ਸੀ। ਇਸ ਦੇ ਅਗਲੇ ਪਾਸੇ ਲੋਹਾ ਲੱਗਿਆ ਹੁੰਦਾ ਸੀ। ਇਨ੍ਹਾਂ ਕੋਲ ਤਲਵਾਰਾਂ ਅਤੇ ਨੇਜ਼ੇ (Javelin) ਹੁੰਦੇ ਸਨ। ਇਹ ਸੈਨਿਕ ਸਿਰ ਤੇ ਧਾਤ ਦਾ ਟੋਪ ਅਤੇ ਛਾਤੀ ਤੇ ਧਾਤ ਦੇ ਪਲੇਟ ਬੰਨ੍ਹਦੇ ਸਨ। ਪ੍ਰਿੰਸੀਪਸ ਅਤੇ ਟਰੀਆਰੀ ਤਕਰੀਬਨ ਹੱਸਤਤੀ ਜਿਹੇ ਹਥਿਆਰ ਨਾਲ ਲੈਸ ਹੁੰਦੇ ਸਨ ਸਿਰਫ ਇਹ ਨੇਜ਼ੇ ਦੀ ਜਗ੍ਹਾ ਭਾਲੇ ਚੁੱਕਦੇ ਸਨ।

ਰੋਮਨ ਪੈਦਲ ਸੈਨਾ ਸ਼ੁਰੂ ਵਿੱਚ ਝੜਪਾਂ ਵਿੱਚ ਲੜਦੀ ਸੀ। ਹਸਤੱਤੀ ਆਪਣੇ ਨੇਜ਼ੇ ਸੁੱਟਦੇ ਸਨ ਅਤੇ ਫਿਰ ਤਲਵਾਰ ਨਾਲ ਹਮਲਾ ਕਰਦੇ ਸਨ। ਇਸ ਤੋਂ ਪਿੱਛੋਂ ਪ੍ਰਿੰਸੀਪਸ ਅਤੇ ਟਰੀਆਰੀ ਪਿੱਛੇ ਮੱਦਦ ਲਈ ਚਲੇ ਜਾਂਦੇ ਸਨ। ਇਨ੍ਹਾਂ ਦੀ ਦੂਜੀ ਲਾਈਨ ਵਿੱਚ ਖਾਲੀ ਥਾਂ ਪਿੱਛੇ ਖੜਨਾ ਅੱਗੇ ਜਾਣ ਵਿੱਚ ਮੱਦਦ ਕਰਦਾ ਸੀ। ਇਕ ਦਸਤਾ (Maniple) ਆਜ਼ਾਦ ਹੁੰਦਾ ਸੀ ਅਤੇ ਅਲੱਗ ਤੌਰ 'ਤੇ ਸਥਿਤੀ ਪਰਿਵਰਤਨ ਕਰ ਸਕਦਾ ਸੀ। ਜੇ ਅਗਲੀ ਲਾਈਨ ਵਿੱਚ ਖਾਲੀ ਜਗ੍ਹਾ ਹੋ ਜਾਂਦੀ ਸੀ ਤਾਂ ਪਿਛਲੀ ਲਾਈਨ ਦਾ ਦਸਤਾ ਉਸ ਦੀ ਜਗ੍ਹਾ ਲੈ ਲੈਂਦਾ ਸੀ। ਜੇ ਲੀਜ਼ਨ ਦਾ ਇਕ ਭਾਗ ਕੁਚਲਿਆ ਜਾਂਦਾ ਤਾਂ ਬਚਦੇ ਦਸਤੇ ਨੇੜੇ ਹੋ ਜਾਂਦੇ ਅਤੇ ਲੜਾਈ ਚਾਲੂ ਰੱਖਦੇ।

ਘੋੜ ਸਵਾਰ ਸੈਨਾ ਵੱਲ ਕੋਈ ਖਾਸ ਧਿਆਨ ਨਹੀਂ ਸੀ ਦਿੱਤਾ ਜਾਂਦਾ। ਪੀਊਨਿਕ ਲੜਾਈਆਂ ਸ਼ੁਰੂ ਹੋਣ ਤੱਕ ਘੋੜ ਸਵਾਰਾਂ ਕੋਲ ਕੋਈ ਹਥਿਆਰ ਨਹੀਂ ਸਨ ਹੁੰਦੇ। ਉਨ੍ਹਾਂ ਦੀਆਂ ਢਾਲਾਂ ਚਮੜੇ ਦੀਆਂ ਹੁੰਦੀਆਂ ਤੇ ਤਲਵਾਰਾਂ ਤੇ ਨੇਜ਼ੇ ਘਟੀਆ ਕਿਸਮ ਦੇ ਹੁੰਦੇ ਸਨ। ਆਮ ਤੌਰ 'ਤੇ ਉਹ ਜ਼ਮੀਨ ਉੱਤੇ ਖੜ੍ਹੇ ਹੋ ਕੇ ਲੜਨਾ ਪਸੰਦ ਕਰਦੇ ਸਨ।

ਇਹ ਸੈਨਿਕ ਵੱਖਰਾ-ਵੱਖਰਾ ਲੜਨਾ ਪਸੰਦ ਕਰਦੇ ਸਨ। ਕਾਹਲੀ-ਕਾਹਲੀ ਫੌਜ ਇਕ ਤੋਂ ਬਾਅਦ ਦੂਜਾ ਧੱਕਾ ਲਾਂਦੀ। ਕੈਂਪਾਂ ਵਿੱਚ ਖਾਈਆਂ ਅਤੇ ਖੰਦਕਾਂ ਵੀ ਬਣਾਈਆਂ ਜਾਂਦੀਆਂ ਸਨ ਭਾਵੇਂ ਇਕ ਰਾਤ ਲਈ ਕਿਧਰੇ ਰੁੱਕਣਾ ਹੋਵੇ। ਪੁਰਾਣੇ ਨਿਯਮ ਬਹੁਤ ਕਰੜੇ ਸਨ ਅਤੇ ਉਹ ਬਦਲੇ ਨਹੀਂ ਜਾ ਸਕਦੇ ਸਨ। ਇਹ ਪਰਿਵਰਤਨ ਬੜੇ ਮਹੱਤਵਪੂਰਨ ਸਨ। ਨੇੜੇ ਖੜੇ ਹੋ ਕੇ ਤੇ ਫਾਸਲੇ ਉੱਤੇ ਖੜੇ ਹੋ ਕੇ ਲੜਨ ਦੇ ਦੋਨਾਂ ਅਸੂਲਾਂ ਨੂੰ ਮਿਲਾ ਲਿਆ ਗਿਆ। ਇਕ ਰਾਖਵੀਂ ਫੌਜ ਵੀ ਹੋਂਦ ਵਿੱਚ ਆਈ। ਹਮਲਾ ਕਰਨ ਤੇ ਆਪਣੇ ਆਪ ਨੂੰ ਹਮਲੇ ਤੋਂ ਬਚਾਣਾ ਇਕੋ ਹੀ ਗੱਲ ਹੋ ਗਈ। ਰੋਮਨ ਭਾਰੀ ਨੇਜ਼ੇ ਦੇ ਨਾਲ-ਨਾਲ ਤਲਵਾਰ ਵੀ ਵਰਤਦੇ ਸਨ। ਨੇਜ਼ੇਆਂ ਦੀ ਬੁਛਾੜ ਤਲਵਾਰਾਂ ਦੀ ਲੜਾਈ ਵਾਸਤੇ ਰਾਹ ਬਣਾਂਦੀ ਸੀ। ਸੈਨਾ ਦੇ ਵਿੱਚ ਪਾੜ ਦੇ ਇਸ ਨਿਯਮ ਨਾਲ ਰੋਮਨਾਂ ਨੂੰ ਬੜਾ ਫਾਇਦਾ ਪਹੁੰਚਿਆ ਕਿਉਂਕਿ ਇਸ ਤਰ੍ਹਾਂ ਬਚਾਅ ਵਾਸਤੇ ਲੜਾਈ ਤੇ ਹੱਲਾ ਬੋਲਣਾ ਦੋਹਾਂ ਦੇ ਲਾਭ ਉਹਨੂੰ ਮਿਲਦੇ ਸਨ। ਜੇ ਉਨ੍ਹਾਂ ਦੀ ਮਰਜ਼ ੀ ਹੁੰਦੀ ਤਾਂ ਲੜਦੇ, ਨਹੀਂ ਤਾਂ ਨਾਹ ਕਰ ਦੇਂਦੇ ਤੇ ਜੇ ਗਲਤ ਵੱਸ ਹੋ ਕੇ ਲੜਾਈ ਕਰਨੀ ਪੈਂਦੀ ਤਾਂ ਉਹ ਆਪਣੇ ਕੈਂਪ ਦੀ ਆੜ ਵਿੱਚ ਉਸੇ ਤਰ੍ਹਾਂ ਲੜਦੇ ਜਿਵੇਂ ਕਿ ਕਿਸੇ ਕਿਲ੍ਹੇ ਦੀ ਫਸੀਲ ਤੋਂ ਲੜ ਰਹੇ ਹੋਣ।

## 3. ਕਾਰਥੇਜਾਂ ਦਾ ਸੈਨਿਕ ਸੰਗਠਨ :

ਹਨੀਬਾਲ (247 ਤੋਂ 183 ਬੀ.ਸੀ.) ਯੁੱਧਨੀਤੀ ਦਾ ਮਾਸਟਰ ਸੀ ਅਤੇ ਉਸ ਦੀ ਸੈਨਾ ਰੋਮਨ ਲੀਜ਼ਨ ਤੋਂ ਵੱਖਰੇ ਕਿਸਮ ਦੀ ਸੀ। ਉਹ ਮੈਡੀਟਰੈਨੀਅਨ (Mediterranean) ਰਾਜ ਦੀ ਨੁਮਾਇੰਦਗੀ ਕਰਦਾ ਸੀ, ਜੋ ਕਿ 8ਵੀਂ ਸਦੀ ਈਸਾ ਪੂਰਵ ਵੱਚ ਫੋਇਨੀਸੀਅਨ ਨੇ ਵਸਾਇਆ ਸੀ। ਕਾਰਥੇਜ ਤੀਜੀ ਸਦੀ ਵਿੱਚ ਵੱਡਾ ਅਤੇ ਵੱਧ ਸ਼ਕਤੀਸ਼ਾਲੀ ਵਪਾਰਕ ਸ਼ਹਿਰ ਬਣ ਗਿਆ। ਹਨੀਬਾਲ ਦੇ ਪਿਤਾ ਨੂੰ 241 ਬੀ.ਸੀ. ਵਿੱਚ ਰੋਮਨਾਂ ਨੇ ਹਰਾਇਆ ਸੀ। ਹਨੀਬਾਲ ਆਪਣੇ ਪਿਤਾ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਸੈਨਾ ਵਿੱਚ ਪਹਿਲਾਂ ਜੋ ਕਮੀਆਂ ਸਨ, ਨੂੰ ਦੂਰ ਕੀਤਾ।

ਕਾਰਥੇਜੇਨੀਅਨ ਆਮ ਤੌਰ 'ਤੇ ਲੜਾਈ ਭਾੜੇ ਦੇ ਸੈਨਿਕਾਂ ਸਿਰ ਹੀ ਛੱਡਦੇ ਸਨ। ਉਨ੍ਹਾਂ ਦੀ ਸੈਨਾ ਦਾ ਮੁੱਖ ਭਾਗ ਉੱਤਰੀ ਅਫਰੀਕਾ ਦੇ ਲੋਕ ਸਨ ਜੋ ਗਰੀਸੀਅਨ (Grecian) ਤਰੀਕੇ ਨਾਲ ਹਥਿਆਰਬੰਦ ਹੁੰਦੇ ਸਨ। ਹੋਰ ਸੈਨਾ ਸਾਰੇ ਮੈਡੀਟਰੇਨੀਅਨ ਇਲਾਕੇ ਵਿੱਚੋਂ ਲਈ ਜਾਂਦੀ ਸੀ। ਇਨ੍ਹਾਂ ਵਿੱਚੋਂ ਜ਼ਿਆਦਾ ਛੋਟੀਆਂ ਟੁਕੜੀਆਂ ਆਪਣੀ-ਆਪਣੀ ਰਾਸ਼ਟਰੀਅਤਾ ਅਨੁਸਾਰ ਹੀ ਰਹਿੰਦੀਆਂ ਸਨ। ਹਰ ਟੁਕੜੀ ਆਪਣੇ ਤਰੀਕੇ ਅਨੁਸਾਰ ਹੀ ਲੜਦੀ ਸੀ ਅਤੇ ਆਪਣੇ ਹੀ ਹਥਿਆਰ ਰੱਖਦੀ ਸੀ। ਬੇਲੈਰਿਕ (Balearic) ਟਾਪੂ ਨਾਲ ਸੰਬੰਧ ਰੱਖਣ ਵਾਲੇ ਸੈਨਿਕ ਗੋਪੀਏ (Slings) ਨਾਲ ਲੜਦੇ ਸਨ। ਸਪੈਨਿਸ਼ ਸਿਪਾਹੀ ਪਰਬਤਾਂ ਵਿੱਚ ਲੜਨ ਦੇ ਮਾਹਿਰ ਸਨ ਅਤੇ ਨੇਜ਼ੇ ਵਰਤਦੇ ਸਨ। ਨੁਮੀਡੀਅਨ (Numidians) ਮੈਦਾਨ ਅਤੇ ਮਾਰੂਥਲ ਵਿੱਚ ਕਮਾਲ ਦੇ ਘੋੜ ਸਵਾਰ ਸਨ।

ਕਾਰਥੇਜਾਂ ਕੋਲ ਘੇਰਾ ਪਾਉਣ ਦੀ ਸਾਰੀ ਮਸ਼ੀਨਰੀ ਸੀ। ਪਰ ਇਹ ਮਸ਼ੀਨਰੀ ਕਾਫੀ ਨਹੀਂ ਹੁੰਦੀ ਸੀ। ਹਨੀਬਾਲ, ਜੋ ਕਿ ਸਪੇਨ ਅਤੇ ਗੋਲ ਰਾਹੀਂ ਆਇਆ ਸੀ, ਨੇ ਇਟਲੀ ਵਿੱਚ ਬਹੁਤ ਸਾਰੀਆਂ ਲੜਾਈਆਂ ਬੜੇ ਥੋੜੇ ਘੇਰਾ ਪਾਉਣ ਵਾਲੇ ਸਾਜੋ-ਸਮਾਨ ਨਾਲ ਲੜੀਆਂ ਸਨ। ਕਾਰਥੇਜ ਹਾਥੀਆਂ ਦੀ ਵੀ ਕਾਫੀ ਵਰਤੋਂ ਕਰਦੇ ਸਨ। ਇਹ ਬੜੇ ਛੋਟੇ ਅਤੇ ਬਰਬਰ (Berber) ਕਿਸਮ ਦੇ ਸਨ ਅਤੇ ਇਟਲੀ ਦੀ ਮੁਹਿੰਮ ਵਿੱਚ ਬਹੁਤ ਥੋੜ੍ਹੇ ਹੀ ਹਾਥੀ ਬਚੇ ਸਨ। ਰੋਮਨਾਂ ਨੇ ਹਾਥੀਆਂ ਦਾ ਮੁਕਾਬਲਾ ਪਹਿਲੀ ਵਾਰ ਦੱਖਣੀ ਇਟਲੀ ਵਿੱਚ 275 ਬੀ.ਸੀ. ਵਿੱਚ ਲੂਕਾਨੀਆਂ (Lucani) ਵਿੱਚ ਕੀਤਾ ਸੀ। ਰੋਮਨ ਇਸ ਨੂੰ ਲੁਕਾਨੀਅਨ ਪਸ਼ੂ (Lucanian Cattle) ਕਹਿੰਦੇ ਸਨ। ਚੰਗੀ ਤਰ੍ਹਾਂ ਸਿੱਖੇ ਹੋਏ ਕਾਰਥੇਜੇਨੀਅਨ ਭਾੜੇ ਦੇ ਸਿਪਾਹੀ ਬਹੁਤ ਹੀ ਡਰਾਉਣੀ ਸੇਨਾ ਬਣਾਉਂਦੇ ਸਨ ਅਤੇ ਉਨ੍ਹਾਂ ਦੇ ਉਤਸ਼ਾਹਪੂਰਨ ਲੀਡਰ ਰਾਜਨੀਤਿਕ ਤੌਰ 'ਤੇ ਖਤਰਨਾਕ ਸਨ। ਕਾਰਥੇਜ ਜਾਗੀਰਦਾਰਾਂ ਨੂੰ ਅਜਿਹੀਆਂ ਸੈਨਾਵਾਂ ਦੇ ਮੁੱਖੀ ਦੇ ਤੌਰ 'ਤੇ ਹੀ ਲਾਇਆ ਜਾਂਦਾ ਸੀ। ਕੰਮ ਵਿੱਚ ਫੇਲ੍ਹ ਹੋਣ ਤੇ ਇਨ੍ਹਾਂ ਕਮਾਂਡਰਾਂ ਨੂੰ ਸਜ਼ਾ ਵੀ ਦਿੱਤੀ ਜਾਂਦੀ ਸੀ। ਉਦਾਹਰਨਾਂ ਦੇ ਤੌਰ 'ਤੇ ਹਨੋ (Hanno) ਅਤੇ ਹਸਦਰਬਲ (Hasdrubal) ਨੂੰ ਆਪਣੇ ਕੰਮ ਵਿੱਚ ਫੇਲ੍ਹ ਹੋਣ ਤੇ ਸੂਲੀ ਚੜ੍ਹਾ ਦਿੱਤਾ ਗਿਆ ਸੀ।

ਹਨੀਬਾਲ ਦੇ ਸਮੇਂ ਮਿਲਟਰੀ ਸਿੱਖਿਆ ਗਰੀਕ ਅਧਿਆਪਕਾਂ ਦੁਆਰਾ ਦਿੱਤੀ ਜਾਂਦੀ ਸੀ।

ਹਨੀਬਾਲ ਨੇ ਲੜਾਈ ਵਿੱਚ ਸਿਕੰਦਰ ਦੁਆਰਾ ਵਰਤੇ ਜਾਂਦੇ ਦਾਅ ਪੇਚ ਵੀ ਵਰਤੇ। ਇਸਤੋਂ ਉਲਟ ਰੋਮਨ ਸੈਨਿਕ ਸੰਗਠਨ ਲੀਜ਼ਨ ਦੇ ਆਧਾਰ 'ਤੇ ਬਣਾਇਆ ਗਿਆ ਸੀ। ਰੋਮਨ ਸੈਨਾ ਦੇ ਇਕ ਯੂਨਿਟ ਨੂੰ ਲੀਜ਼ਨ ਕਿਹਾ ਜਾਂਦਾ ਸੀ ਜਿਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਸੀ ਅਤੇ ਹਰ ਇਕ ਸਿਪਾਹੀ ਨੂੰ ਆਪਣੀ ਯੋਗਤਾ ਦਿਖਾਉਣ ਦਾ ਅਵਸਰ ਮਿਲਦਾ ਸੀ। ਜੰਗ ਵਿੱਚ ਇਸ ਦਾ ਫੈਲਾਅ ਇਕ ਗੋਲ ਘੇਰੇ ਦੇ ਰੂਪ ਵਿੱਚ ਕੀਤਾ ਜਾਂਦਾ ਸੀ। ਜੇ ਲੀਜ਼ਨ ਦਾ ਇਕ ਭਾਗ ਕੁਚਲਿਆ ਜਾਂਦਾ ਹੈ ਤਾਂ ਬਚਦੇ ਦਸਤੇ ਨੇੜੇ ਹੋ ਜਾਂਦੇ ਅਤੇ ਲੜਾਈ ਚਾਲੂ ਰੱਖਦੇ।

## ਅਭਿਆਸ ਲਈ ਪ੍ਰਸ਼ਨ

1. ਕੈਨੇ ਦੀ ਲੜਾਈ ਕਦੋਂ, ਕਿਥੋਂ ਅਤੇ ਕਿਹਨਾਂ ਵਿਚਕਾਰ ਹੋਈ ਸੀ?
2. ਪ੍ਰਿੰਸੀਪਸ ਕੌਣ ਸੀ?
3. ਹਸਤੱਤੀ ਬਾਰੇ ਦੱਸੋ?
4. ਹਨੀਬਲ ਕੌਣ ਸੀ?

**4. ਕੈਨੇ ਦੀ ਲੜਾਈ :** ਕੈਨੇ ਦੀ ਲੜਾਈ 2 ਅਗਸਤ, 216 ਬੀ.ਸੀ. ਨੂੰ ਕੈਨੇ ਨਾਮ ਦੇ ਸਥਾਨ ਉੱਤੇ ਰੋਮ ਦੀਆਂ ਲੀਜ਼ਨ ਸੈਨਾਵਾਂ ਅਤੇ ਕਾਰਥੇਜ ਸੈਨਾਵਾਂ ਵਿਚਕਾਰ ਲੜੀ ਗਈ। ਲੀਜ਼ਨ ਸੈਨਾਵਾਂ ਦੀ ਕਮਾਨ ਸੈਨਾਪਤੀ ਵੇਰੋ (Verro) ਕਰ ਰਿਹਾ ਸੀ ਅਤੇ ਕਾਰਥੇਜ ਸੈਨਾਵਾਂ ਦੀ ਕਮਾਨ ਸੈਨਾਪਤੀ ਹਨੀਬਾਲ (Hannibal) ਕਰ ਰਿਹਾ ਸੀ। ਜਨਰਲ ਹਨੀਬਾਲ ਦੀ ਗਿਣਤੀ ਪ੍ਰਾਚੀਨ ਇਤਿਹਾਸ ਦੇ ਪ੍ਰਮੁੱਖ ਸੈਨਾਪਤੀਆਂ ਵਿੱਚ ਕੀਤੀ ਜਾਂਦੀ ਹੈ। ਕਾਰਥੇਜ ਉੱਤਰੀ ਅਫਰੀਕਾ ਤੇ ਤੱਟ ਉੱਤੇ ਸਥਿਤ ਇਕ ਵਿਉਪਾਰਕ ਨਗਰ ਸੀ। ਜਿੱਥੇ ਭੂ-ਮੱਧ ਸਾਗਰ ਰਾਹੀਂ ਦੱਖਣ ਯੂਰਪ ਦੇ ਰਾਜਾਂ ਨਾਲ ਵਿਉਪਾਰ ਕੀਤਾ ਜਾਂਦਾ ਸੀ ਪਰ ਰੋਮ ਦੀ ਸ਼ਕਤੀ ਇਸ ਵਿਉਪਾਰ ਵਿੱਚ ਅਨੇਕ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰਦੀ ਸੀ ਜਿਸ ਕਰਕੇ ਰੋਮ ਅਤੇ ਕਾਰਥੇਜ ਵਿਚਕਾਰ ਕਈ ਯੁੱਧ ਹੋਏ ਜਿਵੇਂ 264 ਬੀ.ਸੀ. ਵਿੱਚ, ਜਿਨ੍ਹਾਂ ਨੂੰ ਪਿਊਨਿਕ ਯੁੱਧ (Punic Wars) ਕਿਹਾ ਜਾਂਦਾ ਹੈ। ਦੂਜੇ ਪਿਊਨਿਕ ਯੁੱਧ ਵਿੱਚ ਸੈਨਾਪਤੀ ਹਨੀਬਾਲ ਜਿਬਰਾਲਟਰ ਖੇਤਰ ਤੋਂ ਸਪੇਨ ਵਿੱਚ ਦਾਖਲ ਹੋ ਗਿਆ ਸੀ ਅਤੇ ਫਿਰ ਬਰਫੀਲੈ ਇਲਾਕੇ ਵਿੱਚ ਦੀ ਹੁੰਦਾ ਹੋਇਆ ਐਲਪਸ ਦੀਆਂ ਪਹਾੜੀਆਂ ਨੂੰ ਪਾਰ ਕਰ ਗਿਆ ਸੀ। ਉਸ ਸਮੇਂ ਜਦੋਂ ਸੰਸਾਰ ਦੀ ਉੱਨਤੀ ਨਹੀਂ ਹੋਈ ਸੀ, ਐਲਪਸ ਦੀਆਂ ਪਹਾੜੀਆਂ ਨੂੰ ਪਾਰ ਕਰਨਾ ਬਹੁਤ ਹੀ ਜ਼ੋਖਮ ਭਰਿਆ ਅਤੇ ਹੌਂਸਲੇ ਵਾਲਾ ਕੰਮ ਸੀ। ਸੈਨਾਪਤੀ ਹਨੀਬਾਲ ਤੋਂ ਬਾਅਦ ਤਕਰੀਬਨ ਦੋ ਹਜ਼ਾਰ ਸਾਲ ਤੱਕ ਕੋਈ ਸੈਨਾਪਤੀ ਐਲਪਸ ਦੀਆਂ ਪਹਾੜੀਆਂ ਨੂੰ ਨਹੀਂ ਪਾਰ ਕਰ ਸਕਿਆ। 1796 ਈ. ਅਤੇ 1800 ਈ. ਵਿੱਚ ਨੈਪੋਲੀਅਨ ਨੇ ਐਲਪਸ ਦੀਆਂ ਪਹਾੜੀਆਂ ਨੂੰ ਪਾਰ ਕੀਤਾ ਸੀ।


ਸੈਨਾਪਤੀ ਹਨੀਬਾਲ ਐਲਪਸ ਦੀਆਂ ਪਹਾੜੀਆਂ ਨੂੰ ਪਾਰ ਕਰ ਕੇ ਰੋਮ ਵੱਲ ਚਲ ਪਿਆ ਅਤੇ ਅੱਗੇ ਵੱਧਦਾ ਹੋਇਆ ਕੈਨੇ ਨਾਂ ਦੇ ਸਥਾਨ ਉੱਤੇ ਪਹੁੰਚ ਗਿਆ, ਜਿੱਥੇ ਰੋਮ ਦੀਆਂ ਲੀਜ਼ਨ ਸੈਨਾਵਾਂ ਨਾਲ ਯੁੱਧ ਹੋਇਆ।

**4.1 ਕਾਰਥੇਜ ਸੈਨਾਵਾਂ ਦੀ ਗਿਣਤੀ :** ਕਾਰਥੇਜ ਸੈਨਾਵਾਂ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਸਨ। ਸੈਨਾ ਵਿੱਚ ਕਈ ਲੜਾਕੂ ਜਾਤੀਆਂ ਦੇ ਸੈਨਿਕਾਂ ਨੂੰ ਭਰਤੀ ਕੀਤਾ ਗਿਆ ਸੀ। ਸੈਨਿਕਾਂ ਕੋਲ ਹਲਕੇ ਹਥਿਆਰ ਸਨ ਤਾਂ ਜੋ ਸੈਨਿਕ ਪੂਰੀ ਤਰ੍ਹਾਂ ਗਤੀਸ਼ੀਲਤਾ ਨਾਲ ਅੱਗੇ ਵੱਧ ਸਕਣ। ਉਨ੍ਹਾਂ ਕੋਲ ਛੋਟੀਆਂ ਤਲਵਾਰਾਂ, ਭਾਲੇ, ਨੇਜ਼ੇ ਸਨ ਅਤੇ ਰੱਖਿਆ ਲਈ ਢਾਲਾਂ ਸਨ। ਉਨ੍ਹਾਂ ਕੋਲ ਖਾਦ ਸਮੱਗਰੀ ਵੀ ਘੱਟ ਸੀ ਤਾਂ ਜੋ ਸੈਨਾਵਾਂ ਨੂੰ ਜ਼ਿਆਦਾ ਭਾਰ ਨਾ ਢੋਣਾ ਪਵੇ ਅਤੇ ਹਲਕੀ ਫੁਲਕੀ ਸੈਨਾ ਤੇਜ਼ੀ ਨਾਲ ਅੱਗੇ ਵੱਧ ਸਕੇ। ਇਸ ਲਈ ਰਸਤੇ ਵਿੱਚ ਲੁੱਟ ਮਾਰ ਕੇ ਖਾਦ ਸਮੱਗਰੀ ਦੀ ਜ਼ਰੂਰਤ ਪੂਰੀ ਕੀਤੀ ਜਾਂਦੀ ਸੀ। ਕੈਨੇ ਦੀ ਲੜਾਈ ਵਿੱਚ ਸੈਨਾਪਤੀ ਹਨੀਬਾਲ ਕੋਲ 45 ਹਜ਼ਾਰ ਪੈਦਲ ਸੈਨਿਕ ਅਤੇ 10 ਹਜ਼ਾਰ ਘੋੜ ਸਵਾਰ ਸੈਨਿਕ ਸਨ।

**4.2 ਰੋਮਨ ਸੈਨਾਵਾਂ ਦੀ ਗਿਣਤੀ :** ਰੋਮਨ ਸੈਨਾਵਾਂ ਦੇ ਹੌਂਸਲੇ ਨੀਵੇਂ ਸਨ ਕਿਉਂਕਿ ਕੈਨੇ ਦੀ ਲੜਾਈ ਤੋਂ ਪਹਿਲਾਂ ਰੋਮਨ ਸੈਨਾਵਾਂ ਦੀ ਟਰੇਬੀਆ (Trebia) ਅਤੇ ਟਰਾਂਸੀਮੀਨ (Transimene) ਦੇ ਯੁੱਧ ਵਿੱਚ ਹਾਰ ਚੁੱਕੀਆਂ ਸਨ। ਕੈਨੇ ਦੀ ਲੜਾਈ ਵਿੱਚ ਸੈਨਾਪਤੀ ਵੇਰੋ ਦੀ ਕਮਾਨ ਅਤੇ 70 ਹਜ਼ਾਰ ਪੈਦਲ ਸੈਨਾ, 6 ਹਜ਼ ਾਰ ਘੋੜ ਸਵਾਰ ਸੈਨਾ ਨੇ ਲੜਾਈ ਵਿੱਚ ਹਿੱਸਾ ਲਿਆ।

**5. ਸੈਨਾਵਾਂ ਦੀ ਤਰਤੀਬਬੰਦੀ ਅਤੇ ਯੋਜਨਾ :** ਸੈਨਾਪਤੀ ਹਨੀਬਾਲ ਨੇ 70 ਹਜ਼ਾਰ ਰੋਮਨ ਪੈਦਲ ਸੈਨਾ ਦਾ ਮੁਕਾਬਲਾ ਕਰਨ ਲਈ ਆਪਣੀ ਸੈਨਾ ਨੂੰ ਇਸ ਢੰਗ ਨਾਲ ਤੈਨਾਤ ਕੀਤਾ, ਤਾਂ ਜੋ ਰੋਮਨ ਸੈਨਾਵਾਂ ਨੂੰ ਘੇਰ ਲਿਆ ਜਾ ਸਕੇ। ਸੈਨਾਪਤੀ ਹਨੀਬਾਲ ਨੇ 25,000 ਪੈਦਲ ਸੈਨਿਕਾਂ ਨੂੰ ਕੇਂਦਰ ਵਿੱਚ ਉਭਰੇ ਹੋਏ ਰੂਪ ਵਿੱਚ ਖੜਾ ਕਰ ਦਿੱਤਾ। ਇਸ ਤੋਂ ਇਲਾਵਾ ਘੋੜ ਸਵਾਰ ਸੈਨਾ ਨੂੰ ਸੱਜੇ ਪਾਸੇ ਵੱਲ, ਜਿਸ ਦੀ ਕਮਾਨ ਸੈਨਾਪਤੀ ਮਹਰਬਲ ਕਰ ਰਿਹਾ ਸੀ ਅਤੇ ਖੱਬੇ ਪਾਸੇ ਵਾਲੀ ਫੌਜ ਦੀ ਕਮਾਨ ਸੈਨਾਪਤੀ ਹੈਸਦੂਰਬਲ (Hasdurbal) ਕਰ ਰਿਹਾ ਸੀ।

ਸੈਨਾਪਤੀ ਹਨੀਬਾਲ ਦੀ ਯੋਜਨਾ ਸੀ ਕਿ ਜਦੋਂ ਦੁਸ਼ਮਣ ਕੇਂਦਰ ਵਿੱਚ ਉਭਰੇ ਭਾਗ ਉੱਤੇ ਹਮਲਾ ਕਰੇ ਤਾਂ ਕੇਂਦਰੀ ਸੇਨਾ ਮੁਕਾਬਲਾ ਕਰਨ ਦੀ ਥਾਂ ਪਿੱਛੇ ਹੱਟ ਜਾਵੇ ਪਰ ਦੋਵੇਂ ਪਾਸਿਆਂ ਦੀ ਪੈਦਲ ਅਤੇ ਘੋੜ ਸਵਾਰ ਸੈਨਾ ਉੱਥੇ ਹੀ ਖੜੀ ਰਹੇ। ਜਦੋਂ ਕਿ ਦੁਸ਼ਮਣ ਦੀ ਫੌਜ ਨੇ ਕੇਂਦਰ ਵਿੱਚ ਜ਼ਿਆਦਾ ਸੈਨਾ ਤੈਨਾਤ ਕੀਤੀ ਹੋਈ


ਫੌਜਾਂ ਦੀ ਤਰਤੀਬ-ਬੰਦੀ
ਰੋਮਨ ਸੈਨਾਵਾਂ
ਕਾਰਥੇਜ ਸੈਨਾਵਾਂ
ਘੋੜ ਸਵਾਰ ਸੈਨਾ
ਪੈਦਲ ਸੈਨਾ
ਪੈਦਲ ਸੈਨਾ ਦਾ ਉਭਰਿਆ ਹੋਇਆ ਭਾਗ
ਪੈਦਲ ਸੈਨਾ ਦੀ ਵੱਡੀ ਟੁਕੜੀ

ਸੀ ਅਤੇ ਸੱਜੇ ਪਾਸੇ ਵੱਲ ਪੈਦਲ ਸੈਨਾ ਦੀਆਂ ਟੁਕੜੀਆਂ ਸਨ। ਇਸ ਤੋਂ ਇਲਾਵਾ ਸੱਜੀ ਬਾਹੀ ਅਤੇ ਖੱਬੀ ਬਾਹੀ ਵੱਲ ਘੋੜ ਸਵਾਰ ਸੈਨਾ ਤੈਨਾਤ ਕੀਤੀ ਹੋਈ ਸੀ।

**5.1 ਲੜਾਈ ਦੀ ਸ਼ੁਰੂਆਤ :** ਕਾਰਥੇਜ ਸੈਨਾਵਾਂ ਨੇ ਰੋਮਨ ਸੈਨਾ ਉੱਤੇ ਪਹਿਲਾਂ ਹਮਲਾ ਨਹੀਂ ਕੀਤਾ ਸਗੋਂ ਆਪਣੇ ਸਥਾਨ ਉੱਤੇ ਤੈਨਾਤ ਰਹੀਆਂ ਅਤੇ ਦੁਸ਼ਮਣ ਦੀ ਉਡੀਕ ਕਰਨ ਲੱਗੀਆਂ। ਰੋਮਨ ਸੈਨਾਪਤੀ ਵੈਰੋ ਨੇ ਆਪਣੀ ਪੈਦਲ ਸੈਨਾ ਨੂੰ ਵਿਚਕਾਰ ਖੜਾ ਕੀਤਾ ਹੋਇਆ ਸੀ। ਕਾਰਥੇਜ ਸੈਨਾਵਾਂ ਯੋਜਨਾ ਅਨੁਸਾਰ ਰੋਮਨ ਸੈਨਾਵਾਂ ਨਾਲ ਲੜਦੀਆਂ ਵੀ ਰਹੀਆਂ ਅਤੇ ਪਿੱਛੇ ਨੂੰ ਵੀ ਹੱਟਦੀਆਂ ਗਈਆਂ। ਜਦੋਂ ਰੋਮਨ ਸੈਨਾਵਾਂ ਕੇਂਦਰ ਵਿੱਚ ਕਾਫੀ ਅੰਦਰ ਤੱਕ ਚਲੀਆਂ ਗਈਆਂ ਤਾਂ ਕਾਰਥੇਜ ਸੈਨਾਵਾਂ ਜੋ ਖੱਬੇ ਅਤੇ ਸੱਜੇ ਪਾਸੇ ਵੱਲ ਖੜੀਆਂ ਸੀ ਉਨ੍ਹਾਂ ਨੇ ਵੀ ਆਪਣਾ ਦਬਾਉ ਅੰਦਰ ਵੱਲ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਰੋਮਨ ਸੈਨਾਵਾਂ ਅਰਧ ਪਾਰਬੰਦੀ (Semi Circular Trap) ਵਿੱਚ ਘਿਰ ਗਈਆਂ ਪਰ ਦੂਜੇ ਪਾਸੇ ਕਾਰਥੇਜ ਸੈਨਾਵਾਂ ਨੂੰ ਉਸ ਸਮੇਂ ਖਤਰਾ ਪੈਦਾ ਹੋ ਗਿਆ ਜਦੋਂ ਰੋਮਨ ਸੈਨਾਵਾਂ ਨੇ ਆਪਣੇ ਦਬਾ ਵੱਧਾ ਦਿੱਤਾ ਅਤੇ ਕੇਂਦਰ ਵਿੱਚ ਮੋਰਚਾ ਬੰਦੀ ਤੋੜ ਕੇ ਪਿੱਛੇ ਜਾਣ ਦੀ ਕੋਸ਼ਿਸ਼ ਕੀਤੀ। ਪਰ ਸੈਨਾਪਤੀ ਹਨੀਬਾਲ ਨੇ ਤੁਰੰਤ ਆਪਣੇ ਸੈਨਿਕਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਖੁਦ ਫੌਜ ਦੀ ਕਮਾਨ ਕਰਨ ਲੱਗ ਪਿਆ ਜਿਸ ਨਾਲ ਮੋਰਚਾ ਟੁੱਟਣ ਦਾ ਖਤਰਾ ਟਲ ਗਿਆ।

ਰੋਮਨ ਸੈਨਿਕਾਂ ਦਾ ਅੱਗੇ ਵੱਧਦਾ ਜੋਸ਼ ਘੱਟ ਗਿਆ ਕਿਉਂਕਿ ਉਹ ਤੰਗ ਘੇਰਾ ਬੰਦੀ ਵਿੱਚ ਫਸ ਗਏ, ਜਿਸ ਕਾਰਨ ਉਨ੍ਹਾਂ ਨੂੰ ਹਥਿਆਰ ਚਲਾਉਣ ਲਈ ਵੀ ਥਾਂ ਨਹੀਂ ਮਿਲ ਰਹੀ ਸੀ। ਜਦੋਂ ਸੈਨਾਪਤੀ ਹਨੀਬਾਲ ਨੇ ਦੇਖਿਆ ਕਿ ਰੋਮਨ ਸੈਨਾ ਪੂਰੀ ਤਰ੍ਹਾਂ ਘਿਰ ਚੁੱਕੀ ਹੈ ਤਾਂ ਉਸ ਨੇ ਆਪਣੇ ਸੱਜੇ ਪਾਸੇ ਵਾਲੀ ਘੋੜ ਸਵਾਰ ਸੈਨਾ ਅਤੇ ਸਾਰੀ ਪੈਦਲ ਸੈਨਾ ਨੂੰ ਰੋਮਨ ਸੈਨਾ ਉੱਤੇ ਚਾਰੇ ਪਾਸੇ ਦਾ ਹਮਲਾ ਕਰਨ ਦਾ ਆਦੇ ਸ਼ ਦਿੱਤਾ। ਖੱਬੇ ਪਾਸੇ ਵਾਲੀ

ਘੋੜ ਸਵਾਰ ਸੈਨਾ ਨੇ ਰੋਮਨ ਸੈਨਾ ਉੱਤੇ ਹਮਲਾ ਕਰ ਕੇ ਉਸ ਨੂੰ ਦੂਰ ਤੱਕ ਪਿੱਛੇ ਹਟਾ ਦਿੱਤਾ ਸੀ ਅਤੇ ਫਿਰ ਸੈਨਾਪਤੀ ਹਨੀਬਾਲ ਨੇ ਆਪਣੀ ਖੱਬੇ ਪਾਸੇ ਵਾਲੀ ਘੋੜ ਸਵਾਰ ਸੈਨਾ ਨੂੰ ਵੀ ਜ਼ੋਰਦਾਰ ਹਮਲਾ ਕਰਨ ਦਾ ਆਦੇਸ਼ ਦਿੱਤਾ। ਰੋਮਨ ਸੈਨਾਵਾਂ ਮੁਕਾਬਲਾ ਨਹੀਂ ਕਰ ਸਕੀਆਂ ਕਿਉਂਕਿ ਰੋਮਨ ਸੈਨਿਕਾਂ ਦੇ ਹੌਂਸਲੇ ਟੁੱਟ ਗਏ ਸਨ। ਉਨ੍ਹਾਂ ਦਾ ਬਹੁਤ ਹੀ ਜ਼ਿਆਦਾ ਨੁਕਸਾਨ ਹੋਇਆ। ਰੋਮਨ ਪੈਦਲ ਸੈਨਿਕ ਜੋ ਕਾਰਥੇ ਜ ਸੈਨਿਕਾਂ ਦੀ ਘੇਰਾ ਬੰਦੀ ਵਿੱਚ ਆ ਗਈਆਂ ਸਨ, ਉਹ ਸਾਰੇ ਹੀ ਮਾਰੇ ਗਏ। 16 ਹਜ਼ਾਰ ਦੇ ਕਰੀਬ ਕਾਰਥੇਜ ਵੀ ਜ਼ਖ਼ਮੀ ਹੋਏ ਅਤੇ ਮਾਰੇ ਗਏ। ਕਾਰਥੇਜ ਸੈਨਾਵਾਂ ਨੇ ਕੈਨੇ ਦੀ ਲੜਾਈ ਵਿੱਚ ਪੂਰਨ ਜਿੱਤ ਪ੍ਰਾਪਤ ਕਰ ਲਈ।

## 6. ਹਾਰ-ਜਿੱਤ ਦੇ ਕਾਰਣ ਅਤੇ ਲੜਾਈ ਵਿੱਚ ਵਰਤੇ ਗਏ ਯੁੱਧ ਦੇ ਸਿਧਾਂਤ :

ਸੈਨਾਪਤੀ ਹਨੀਬਾਲ ਦੀ ਠੀਕ ਯੋਜਨਾ ਅਤੇ ਯੁੱਧ ਚਾਲਾਂ ਕਾਰਨ ਕਾਰਥੇਜ ਸੈਨਾਵਾਂ ਜਿੱਤੀਆਂ। ਕਾਰਥੇਜ ਸੈਨਾਵਾਂ ਕੋਲ ਰੋਮਨ ਸੈਨਾਵਾਂ ਦੇ ਮੁਕਾਬਲੇ ਵਿੱਚ ਚੰਗੇ ਹਥਿਆਰ

ਸਨ, ਉਨ੍ਹਾਂ ਦੇ ਹੌਂਸਲੇ ਵੀ ਉੱਚੇ ਸਨ। ਕਾਰਥੇਜਾਂ ਦੇ ਸੈਨਿਕਾਂ ਨੂੰ ਚੰਗੀ ਸਿਖਲਾਈ ਮਿਲੀ ਹੋਈ ਸੀ। ਕਾਰਥੇਜ ਸੈਨਾਵਾਂ ਕੋਲ ਰੋਮਨ ਸੈਨਾਵਾਂ ਤੋਂ ਜ਼ਿਆਦਾ ਗਤੀਸ਼ੀਲ ਘੋੜ ਸਵਾਰ ਸੈਨਾ ਸੀ। ਕਾਰਥੇਜ ਸੈਨਾਪਤੀ ਹਨੀਬਾਲ ਨੇ ਆਪਣੀ ਯੋਜਨਾ ਅਨੁਸਾਰ ਰੋਮਨ ਸੈਨਾ ਨੂੰ ਆਪਣੀ

ਘੇਰਾਬੰਦੀ ਵਿੱਚ ਘੇਰ ਲਿਆ ਸੀ। ਸੈਨਾਪਤੀ ਹਨੀਬਾਲ ਨੇ ਕਈ ਯੁੱਧ ਦੇ ਸਿਧਾਂਤਾਂ ਦੀ ਵਰਤੋਂ ਕੀਤੀ ਜਿਵੇਂ ਅਚੰਭਾ, ਫੌਜਾਂ ਦੀ ਇਕੱਠਤਾ, ਹੌਸਲਾ, ਯਤਨਾਂ ਦੀ ਆਰਥਿਕਤਾ ਅਤੇ ਸਹਿਯੋਗ ਆਦਿ।

**6.1 ਅਚੰਭਾ :** ਇਸ ਲੜਾਈ ਵਿੱਚ ਕਾਰਥੇਜ ਸੈਨਾਵਾਂ ਨੇ ਆਪਣੀਆਂ ਸੈਨਾਵਾਂ ਨੂੰ ਉਭਰੇ ਰੂਪ ਵਿੱਚ ਖੜਾ ਕੀਤਾ ਜਦੋਂ ਰੋਮਨ ਸੈਨਾਵਾਂ ਅੱਗੇ ਵਧੀਆਂ ਤਾਂ ਉਹਨਾਂ ਨੂੰ ਪਿੱਛੇ ਹੱਟ ਕੇ ਰੋਮਨ ਸੈਨਾਵਾਂ ਨੂੰ ਅਰਧ ਪਾਰਬੰਦੀ ਵਿੱਚ ਘੇਰ ਲਿਆ ਤੇ ਹਮਲਾ ਕੀਤਾ।

**6.2 ਫੌਜਾਂ ਦੀ ਇਕੱਠਤਾ :** ਸੈਨਾਪਤੀ ਹਨੀਬਾਲ ਕੋਲ ਬੇਸ਼ਕ ਗਿਣਤੀ ਵਿੱਚ ਘੱਟ ਸੈਨਿਕ ਸਨ ਪਰ ਉਹਨਾਂ ਨੇ ਫੌਜਾਂ ਦੀ ਇਕੱਠਤਾ ਦੇ ਸਿਧਾਂਤ ਦੀ ਵਰਤੋਂ ਕਰਕੇ ਆਪਣੀ ਸੈਨਾ ਦੀ ਵਰਤੋਂ ਇਸ ਢੰਗ ਨਾਲ ਕੀਤੀ ਤੇ ਉਹਨਾਂ ਤੋਂ ਵੱਧ ਤੋਂ ਵੱਧ ਸੈਨਿਕਾਂ ਦਾ ਕੰਮ ਲਿਆ।

**6.3 ਹਮਲਾਵਰੀ ਕਾਰਵਾਈ :** ਇਸ ਲੜਾਈ ਵਿੱਚ ਭਾਵੇਂ ਕਾਰਥੇਜ ਨੇ ਸੁਰੱਖਿਆ ਦਾ ਸਿਧਾਂਤ ਅਪਣਾਇਆ ਪਰ ਮੌਕਾ ਮਿਲਦਿਆਂ ਹੀ ਉਹਨਾਂ ਨੇ ਹਮਲਾਵਰੀ ਕਾਰਵਾਈਆਂ ਕੀਤੀਆਂ।

**ਸਾਰ :** ਅੰਤ ਵਿੱਚ ਅਸੀਂ ਆਖ ਸਕਦੇ ਹਾਂ ਕਿ ਜਿਵੇਂ 1965 ਈ. ਦੀ ਲੜਾਈ ਵਿੱਚ ਭਾਰਤੀ ਸੈਨਿਕਾਂ ਨੇ ਖੇਮਕਰਨ ਸੈਕਟਰ ਵਿੱਚ ਪਾਕਿਸਤਾਨ ਦੀ ਟੈਂਕ ਸੈਨਾ ਦੀ ਘੇਰਾਬੰਦੀ ਕਰ ਲਈ ਸੀ ਅਤੇ 95 ਪਾਕਿਸਤਾਨ ਪੈਟਨ ਟੈਂਕਾਂ ਨੂੰ ਆਤਮ ਸਮਰਪਣ ਕਰਨ ਲਈ ਮਜ਼ਬੂਰ ਕੀਤਾ ਸੀ ਉਸੇ ਤਰ੍ਹਾਂ ਕੈਨੇ ਦੀ ਲੜਾਈ ਵਿੱਚ ਕਾਰਥੇਜ ਸੈਨਾਵਾਂ ਸੈਨਾਵਾਂ ਨੇ ਰੋਮਨ ਸੈਨਾਵਾਂ ਨੂੰ ਆਪਣੀ ਘੇਰਾਬੰਦੀ ਵਿੱਚ ਲੈ ਲਿਆ ਅਤੇ ਆਤਮ ਸਮਰਪਣ ਕਰਨ ਲਈ ਮਜ਼ਬੂਰ ਕੀਤਾ ਸੀ।

## ਅਭਿਆਸ ਲਈ ਪ੍ਰਸ਼ਨ

1. ਕੈਨੈ ਦੀ ਲੜਾਈ ਵਿੱਚ ਵਰਤੇ ਗਏ ਯੁੱਧ ਦੇ ਸਿਧਾਂਤਾਂ ਬਾਰੇ ਦੱਸੋ।
2. ਕਾਰਥੇਜ ਸੈਨਾਵਾਂ ਦੀ ਯੁੱਧਨੀਤੀ ਕੀ ਸੀ?
3. ਲੜਾਈ ਵਿੱਚ ਲੜਨ ਵਾਲੇ ਸੈਨਾਪਤੀਆਂ ਦੇ ਨਾਂ ਦੱਸੋ।

# ਹੋਰ ਪੜ੍ਹਨ ਲਈ ਪੁਸਤਕਾਂ


| | | |
|---|---|---|
| J.F.C. Fuller | : | The Decisive Battles of the Western World (also available in Punjabi) |
| J.F.C. Fuller | : | Generalship of the Alexander the Great. |
| Montogomery | : | A History of Warfare |
| S.T. Dass | : | An Introduction to the Art of War |
| W.N. Weech | : | History of the World |

**ਪਾਠ ਨੰ. 1.3**

## ਹੇਸਟਿੰਗਜ਼ ਦੀ ਲੜਾਈ (Battle of Hastings : 1066 AD)

### ਪਾਠਾਂ ਦੀ ਰੂਪ-ਰੇਖਾ

1. ਭੂਮਿਕਾ
2. ਅੰਗਰੇਜਾਂ ਅਤੇ ਨੋਰਮਨਾਂ ਦੇ ਸੈਨਿਕ ਸੰਗਠਨ ਅਤੇ ਲੜਨ ਦੇ ਤਰੀਕੇ ।
3. ਵਿਰੋਧੀ ਸੈਨਾਵਾਂ ਅਤੇ ਤੈਨਾਤੀ ।
4. ਲੜਾਈ ਦਾ ਹਾਲ
5. ਵਿਸ਼ਲੇਸ਼ਣ (ਹਾਰ-ਜਿੱਤ ਦੇ ਕਾਰਣ ਅਤੇ ਯੁੱਧ ਦੇ ਸਿਧਾਂਤ)
6. ਸਾਰ

ਅਭਿਆਸ ਲਈ ਪ੍ਰਸ਼ਨ

ਹੋਰ ਪੜ੍ਹਨ ਲਈ ਪੁਸਤਕਾਂ

ਪਿਆਰੇ ਵਿਦਿਆਰਥੀ,

ਪਿਛਲੇ ਪਾਠਾਂ ਵਿਚ ਅਸੀਂ ਯੂਰਪੀ ਇਤਿਹਾਸ ਦੀਆਂ ਕੁਝ ਮਹੱਤਵਪੂਰਣ ਲੜਾਈਆਂ ਬਾਰੇ ਪੜ੍ਹਿਆ ਅਤੇ ਵੱਖਰੇ-ਵੱਖਰੇ ਸੈਨਿਕ ਸੰਗਠਨਾਂ, ਉਹਨਾਂ ਦੇ ਲੜਨ ਦੇ ਤਰੀਕਿਆਂ ਅਤੇ ਦਾਅ-ਪੇਚਾਂ ਦੀ ਜਾਣਕਾਰੀ ਹਾਸਿਲ ਕੀਤੀ । ਇਸ ਤੋਂ ਇਲਾਵਾ ਅਸੀਂ ਕੁਝ ਮਹਾਨ ਸੈਨਿਕ ਸ਼ਾਸਕਾਂ ਦੇ ਯੁੱਧ ਦੇ ਫਲਸ[illegible]ਆਂ ਅਤੇ ਕ੍ਰਾਂਤੀਆਂ ਬਾਰੇ ਵੀ ਪੜ੍ਹਿਆ । ਹੁਣ ਇਸ ਭਾਗ ਵਿਚ ਅਸੀਂ ਹੇਸਟਿੰਗ੍ਹ ਦੀ ਲੜਾਈ ਅਤੇ ਮੰਗੋਲਾਂ ਦੇ ਸੈਨਿਕ ਪ੍ਰਬੰਧ ਬਾਰੇ ਜਾਣਕਾਰੀ ਹਾਸਿਲ ਕਰਾਂਗੇ ਅਤੇ ਨਾਲ ਹੀ ਅਸੀਂ ਅੰਗ੍ਰੇਜਾਂ ਅਤੇ ਨੋਰਮਨਾਂ ਦੇ ਸੈਨਿਕ ਸੰਗਠਨ ਅਤੇ ਲੜਾਈ ਦੇ ਦਾਅ-ਪੇਚਾਂ ਤੋਂ ਜਾਣੂੰ ਹੋਵਾਂਗੇ । ਇਸਦੇ ਨਾਲ ਹੀ ਸਾਨੂੰ ਤੈਮੂਰ ਅਤੇ ਚੰਗ੍ਹੇ ਖਾਨ ਬਾਰੇ ਵੀ ਪਤਾ ਲਗੇਗਾ ਕਿ ਕਿਸ ਤਰ੍ਹਾਂ ਉਹਨਾਂ ਨੇ ਇਕ ਮਹਾਨ ਰਾਜ ਦੀ ਸਥਾਪਨਾ ਕੀਤੀ ਅਤੇ ਕਿਸ ਤਰ੍ਹਾਂ ਆਪਣੀ ਸੈਨਾ ਵਿਚ ਪੱਕਾ ਅਨੁਸ਼ਾਸਨ ਕਾਇਮ ਕੀਤਾ ।

## ਹੇਸਟਿੰਗਜ਼ ਦੀ ਲੜਾਈ
## (Battle of Hastings)

### 1. ਭੂਮਿਕਾ :

ਹੇਸਟਿੰਗਜ਼ ਦੀ ਲੜਾਈ 14 ਅਕਤੂਬਰ 1066 ਨੂੰ ਨਾਰਮੈਂਡੀ (ਫਰਾਂਸ) ਦੇ ਵਿਲੀਅਮ ਅਤੇ ਇੰਗਲੈਂਡ ਦੇ ਰਾਜਾ ਹੈਰੋਲਡ ਦੇ ਵਿਚਕਾਰ ਲੜੀ ਗਈ

ਸੀ । ਇਸ ਲੜਾਈ ਦੀ ਸ਼ੁਰੂਆਤ ਫਰਾਂਸ ਵਲੋਂ ਕੀਤੀ ਗਈ ਸੀ ਜਦੋਂ ਫਰਾਂਸੀਸੀ ਸੈਨਾ ਨੇ ਯੂਰਪ ਵਿਚ ਪੂਰੀ ਤਰ੍ਹਾਂ ਆਪਣਾ ਪ੍ਰਭਾਵ ਵਧਾਉਣ ਲਈ fJz b lP TgZ/j wb keo fdZk fJz b lP ft u 1042 s l1066 sZ n lPt ov (The Confessor) ਦਾ ਰਾਜ ਰਿਹਾ । ਉਹ ਮੂਲ ਤੌਰ ਤੇ ਨਾਰਮੈਂਡੀ ਦਾ ਰਹਿਣ ਵਾਲਾ ਸੀ । ਉਸਦੀ ਮੌਤ ਤੋਂ ਬਾਅਦ ਹੈਰੋਲਡ, ਜੋ ਇੰਗਲੈਂਡ ਦਾ ਸਭ ਤੋਂ ਸ਼ਕਤੀਸ਼ਾਲੀ ਸਾਮੰਤ ਸੀ, ਰਾਜਾ ਚੁਣਿਆ ਗਿਆ । ਪਰ ਨਾਰਮੈਂਡੀ ਦੇ ਵਿਲੀਅਮ ਨੇ ਉਸਦੀ ਚੋਣ ਨੂੰ ਨਾ ਮੰਨਿਆ ਤੇ ਇੰਗਲੈਂਡ ਉੱਤੇ ਚੜ੍ਹਾਈ ਕਰ ਦਿੱਤੀ । ਇੰਗਲੈਂਡ ਦੇ ਰਾਜਾ ਹੈਰੋਲਡ ਇਸ ਹਮਲੇ ਦਾ ਸਾਹਮਣਾ ਕਰਨ ਲਈ ਦੱਖਣ ਦੇ ਪਾਸੇ ਅੱਗੇ ਵਧੇ ਅਤੇ ਇਹ ਲੜਾਈ ਹੇਸਟਿੰਗਜ਼ ਦੇ ਮੈਦਾਨ ਵਿਚ ਦੋਵੇਂ ਸੈਨਾਵਾਂ ਵਿਚਕਾਰ ਲੜੀ ਗਈ ਸੀ ਅਤੇ ਇਸ ਲੜਾਈ ਵਿਚ ਫਰਾਂਸ ਦੀ ਜਿੱਤ ਹੋਈ ਸੀ ।

## 2. ਅੰਗਰੇਜ਼ਾਂ ਦਾ ਸੈਨਿਕ ਪ੍ਰਬੰਧ :

ਹੇਸਟਿੰਗਜ਼ ਦੀ ਜੰਗ ਵੇਲੇ ਅੰਗਰੇਜ਼ੀ ਫੌਜ ਵਿਚ ਦੋ ਤਰ੍ਹਾਂ ਦੀ ਸੈਨਾ ਸੀ । ਪਹਿਲੀ ਫਿਰੱਡ ਸੈਨਾ ਜਾਂ ਕੌਮੀ ਸੈਨਾ ਅਤੇ ਦੂਜੀ ਹਾਊਸ ਕਾਰਲਸ ਸੀ । ਫਿਰੱਡ ਸੈਨਾ ਵਿਚ ਪੰਜ ਹਾਈਡਾਂ ਪਿੱਛੇ ਇਕ ਸਿਪਾਹੀ ਭਰਤੀ ਕੀਤਾ ਜਾਂਦਾ ਸੀ । ਹਰ ਇਕ ਹਾਈਡ ਸਿਪਾਹੀ ਨੂੰ ਚਾਰ ਸ਼ਲਿੰਗ ਤਨਖਾਹ ਤੇ ਦੋ ਮਹੀਨਿਆਂ ਦਾ ਕੁਝ ਰਾਸ਼ਨ ਜਾਂ ਕੁਲ ਮਿਲਾ ਕੇ 20 ਸ਼ਲਿੰਗ ਦੇਂਦੀ ਸੀ । ਫਿਰੱਡ ਸੈਨਾ ਸਾਰੇ ਇੰਗਲੈਂਡ ਵਿਚ ਖਿੰਡਰੀ ਹੋਈ ਸੀ । ਇਸ ਨੂੰ ਝਟਪਟ ਇਕੱਠੀ ਕਰਨਾ ਔਖਾ ਸੀ ਤੇ ਇਕੋ ਵਾਰੀ ਉਹਨਾਂ ਦੀ ਦੋ ਮਹੀਨਿਆਂ ਦੀ ਤਨਖਾਹ ਅਤੇ ਰਾਸ਼ਨ ਖਤਮ ਹੋ ਜਾਂਦਾ ਸੀ ।

ਹਾਊਸ ਕਾਰਲਸ ਪਹਿਲਾਂ ਰਾਜੇ ਦੇ ਅੰਗ ਰਖਿਅਕ ਹੁੰਦੇ ਸਨ । ਪਰ ਬਾਅਦ ਵਿਚ ਹੈਰੋਲਡ ਦੇ ਵਕਤ ਵਿਚ ਉਹ ਇਕੱਠੀ ਅਤੇ ਬਕਾਇਦਾ ਤਨਖਾਹ ਲੈਣ ਵਾਲੀ ਸੈਨਾ ਬਣ ਗਈ ਸੀ ।

ਗਿਣਤੀ ਵਿਚ ਹਾਊਸ ਕਾਰਲਸ ਅਤੇ ਫਿਰੱਡ ਦੋਵੇਂ ਹੀ ਕਿਸੇ ਔਕੜ ਦਾ ਸਾਹਮਣਾ ਕਰਨ ਲਈ ਕਾਫੀ ਸਨ । ਦੋਹਾਂ ਧਿਰਾਂ ਵਿਚ ਬਹੁਤੇ ਸਿਪਾਹੀ ਅਤੇ ਘੋੜ ਸਵਾਰ ਸਨ । ਉਹ ਸੈਨਿਕ ਆਮ ਤੌਰ ਤੇ ਹੱਥੋਂ ਹੱਥੀ ਲੜਾਈ ਲੜਦੇ ਸਨ । ਅੰਗਰੇਜ਼ ਆਪਣੀ ਘਰੋਗੀ ਰੱਖਿਆ ਲਈ ਕਿਲ੍ਹਿਆਂ ਨੂੰ ਵਰਤੋਂ ਵਿਚ ਨਹੀਂ ਲਿਆਉਂਦੇ ਸਨ ।

### 2.1 ਹਥਿਆਰ :

ਅੰਗਰੇਜ਼ੀ ਸੈਨਾ ਦੇ ਹਥਿਆਰਾਂ ਵਿਚ ਨੇਜ਼ਾ, ਦੋ-ਧਾਰੀ ਤਲਵਾਰ ਤੇ ਲੰਮੀ ਹੱਡਲ ਵਾਲੀ ਡੇਨਿਸ ਕੁਹਾੜੀ ਵਰਤੀ ਜਾਂਦੀ ਸੀ । ਅੰਗਰੇਜ਼ੀ ਸੈਨਾ ਆਮ ਤੌਰ ਤੇ ਲੜਾਈ ਵਿਚ ਤੀਰ ਨਹੀਂ ਵਰਤਦੀ ਸੀ । ਢਾਲਾਂ ਗੋਲ ਅਤੇ ਪਤੰਗਾਂ ਵਰਗੀਆਂ ਹੁੰਦੀਆਂ ਸਨ । ਬਚਾਅ ਦੇ ਲਈ ਕੋਟ ਅਤੇ ਟੋਪ ਆਦਿ ਬਹੁਤ ਘੱਟ ਸੈਨਿਕ ਪਾਉਂਦੇ ਸਨ ਅਤੇ ਉਹੀ ਸੈਨਿਕ ਪਾਉਂਦੇ ਸਨ ਜੋ ਇਨ੍ਹਾਂ ਨੂੰ ਖਰੀਦਣ ਵਾਲੀ ਹੈਸੀਅਤ ਵਿਚ ਹੁੰਦੇ ਸਨ । ਹੈਰੋਲਡ ਦੇ ਸਮੇਂ ਅੰਗਰੇ ਜ਼ੀ ਸੈਨਾ ਕੋਲ ਕੋਈ ਚੰਗਾ ਸਮੁੰਦਰੀ ਬੇੜਾ ਵੀ ਨਹੀਂ ਸੀ । ਉਸ ਵੇਲੇ ਇਕੋ ਹੀ ਚਾਰਾ ਸੀ ਕਿ ਵਪਾਰਕ ਅਤੇ ਮੱਛੀਆਂ ਫੜਨ ਵਾਲੇ ਜਹਾਜ਼ ਇਕੱਠੇ ਕਰਕੇ ਉਹਨਾਂ ਕੋਲੋਂ ਤੱਟ ਦੇ ਨੇੜੇ-ਤੇੜੇ ਦੀ ਲੜਾਈ ਦਾ ਕੰਮ ਲਿਆ ਜਾਂਦਾ ਸੀ ।

### 2.2 ਇੰਗਲੈਂਡ ਦੀ ਸੈਨਾ ਦੀ ਗਿਣਤੀ :

ਜਦੋਂ ਹੈਰੋਲਡ ਨੂੰ ਪਤਾ ਲੱਗਾ ਕਿ ਵਿਲੀਅਮ ਦਾ ਹਮਲਾ ਨੇੜੇ ਹੀ ਹੈ ਤਾਂ ਉਸ ਨੇ ਸਮੇਂ ਤੋਂ ਪਹਿਲਾਂ ਹੀ ਆਪਣੀ ਫੌਜ ਨੂੰ ਅਤੇ ਸਮੁੰਦਰੀ ਸੈਨਾ ਨੂੰ ਤਿਆਰ ਹੋਣ ਲਈ ਹੁਕਮ ਦਿੱਤਾ ਅਤੇ ਕਾਫੀ ਵੱਡੀ ਜ਼ਮੀਨੀ ਫੌਜ ਅਤੇ ਸਮੁੰਦਰੀ ਫੌਜ ਇਕੱਠੀ ਕੀਤੀ ਜਿੰਨੀ ਪਹਿਲਾਂ ਕਦੇ ਇਕੱਠੀ ਨਹੀਂ ਸੀ ਹੋਈ । ਦੂਜੇ ਸ਼ਬਦਾਂ ਵਿਚ ਉਹਨੇ ਸਾਰੀ ਸੈਨਾ (ਫਰਿੱਡ ਨੂੰ 40 ਦਿਨਾਂ ਵਾਸਤੇ ਇਕੱਠਿਆਂ ਰਖਿਆ ਜਾ ਸਕਦਾ ਸੀ, ਇਸ ਲਈ ਲੜਾਈ ਦੇ ਮੈਦਾਨ ਵਿਚ ਫੌਜ ਦੀ ਟੁਕੜੀ ਨੂੰ ਬਹੁਤੀ ਦੇਰ ਰੱਖਣ ਲਈ ਇਕੋ ਹੀ ਰਾਹ ਸੀ ਕਿ ਉਸਨੂੰ ਕ੍ਰਮਵਾਰ ਬੁਲਾਇਆ ਜਾਵੇ ।) ਨੂੰ ਕੂਚ ਕਰਨ ਦਾ ਹੁਕਮ ਦਿੱਤਾ ਸੀ । ਇਹ ਕੰਮ ਖਤਮ ਹੋਣ ਤੇ ਜਿਸ ਨੂੰ ਬਹੁਤ ਸਮਾਂ ਲੱਗ ਗਿਆ ਹੋਵੇਗਾ, ਉਸ ਫਰਿੱਡ ਨੂੰ ਐਸੈਕਸ (Essex) ਤੇ ਕੈਂਟ ਦੇ ਕਿਨਾਰੇ ਨਿਯੁਕਤ ਕੀਤਾ ਤੇ ਆਪਣੇ ਸਮੁੰਦਰੀ ਬੇੜੇ ਨੂੰ ਆਈਲ ਆਫ ਵਾਈਟ ਤੋਂ ਦੂਰ ਖੜ੍ਹਾ ਕੀਤਾ । ਇਥੇ ਇਕ ਹੋਰ ਗੱਲ ਮਹੱਤਵਪੂਰਣ ਹੈ ਕਿ ਸੈਨਾਵਾਂ ਇਕੱਠੀਆਂ ਕਰਨ ਤੋਂ ਬਾਅਦ

ਅਤੇ ਹੇਸਟਿੰਗਜ਼ ਦੀ ਲੜਾਈ ਤੋਂ ਪਹਿਲਾਂ ਹੈਰੋਲਡ ਨੂੰ ਦੋ ਹੋਰ ਲੜਾਈਆਂ ਲੜਨੀਆਂ ਪਈਆਂ ਜਿਸ ਨਾਲ ਹੈਰੋਲਡ ਦੀ ਸੈਨਾ ਦੀ ਗਿਣਤੀ ਬਹੁਤ ਘੱਟ ਗਈ ਸੀ ।

ਹੈਰੋਲਡ ਨੇ ਆਪਣੀ ਸੈਨਾ ਲੰਡਨ ਵਿਚ ਇਕੱਠੀ ਕੀਤੀ । ਉਸ ਦੀ ਸੈਨਾ ਦੇ ਕੇਂਦਰੀ ਹਿੱਸੇ ਵਿਚ ਹਾਊਸ ਕਾਰਲਸ (House Carles) ਸਨ ਜਿਨ੍ਹਾਂ ਦੀ ਗਿਣਤੀ ਬਹੁਤ ਘੱਟ ਗਈ ਸੀ, ਨਾਲ ਹੀ ਉਹਦੇ ਭਰਾਵਾਂ, ਗਾਈਰਥ (Gyrth) ਤੇ ਲੀਉਫਵਾਈਨ (Leofwine) ਦੇ ਹਾਊਸ ਕਾਰਲਸ ਸਨ । ਬਾਕੀ ਸੈਨਾ ਵਿਚ ਘੋੜ ਸਵਾਰ, ਪੈਦਲ, ਅਮੀਰ ਅਤੇ ਉਹਨਾਂ ਦੇ ਨੌਕਰ ਸਨ ਜੋ ਉਹਦੇ ਪੰਜ-ਛੇ ਦਿਨ ਲੰਡਨ ਵਿਚ ਠਹਿਰਨ ਸਮੇ ਪੁੱਜ ਗਏ ਸਨ । ਇਹ ਸੈਨਾ ਬੜੀ ਉੱਚੀ ਪੱਧਰ ਦੀ ਸੀ ਤੇ ਇਸ ਵਿਚ ਕੋਈ ਸੱਚਾਈ ਨਹੀਂ ਕਿ ਹੇਸਟਿੰਗਜ਼ ਵਿਚ ਹੈਰੋਲਡ ਦੀ ਸੈਨਾ ਬਿਨਾਂ ਹਥਿਆਰਾਂ ਤੋਂ ਕਿਸਾਨਾਂ ਦਾ ਇਕੱਠ ਸੀ । ਫੌਜ ਦੀ ਗਿਣਤੀ ਬਾਰੇ ਵੱਖ-ਵੱਖ ਇਤਿਹਾਸਕਾਰ ਅਤੇ ਸੋਮੇ ਵੱਖ-ਵੱਖ ਗਿਣਤੀ ਦੱਸਦੇ ਹਨ । ਡਬਲਿਊ ਸਪੈਟਜ਼ *6000-7000* ਗਿਣਤੀ ਦਸਦਾ ਹੈ । ਪਰ ਜਦੋਂ ਸਟੈਮਫੋਰਡ-ਬਰਿਜ ਦਾ ਨੁਕਸਾਨ, ਐਡਵਿਨ ਤੇ ਮੋਰਕਰ ਦੀ ਗੈਰਹਾਜ਼ਰੀ ਅਤੇ ਫੌਜ ਇਕੱਠੀ ਕਰਨ ਦਾ ਥੋੜਾ ਸਮਾਂ ਦੇਖਦੇ ਹਾਂ ਤਾਂ ਇਹ ਗਿਣਤੀ ਥੋੜੀ ਘੱਟ ਲਗਦੀ ਹੈ ਅਤੇ *4000-5000* ਦੀ ਗਿਣਤੀ ਠੀਕ ਲਗਦੀ ਹੈ । ਫਲੋਰੈਂਸ ਲਿਖਦਾ ਹੈ ਕਿ ਜਦੋਂ ਹੋਰੈਲਡ ਆਪਣੀ ਸੈਨਾ ਲੰਡਨ ਤੋਂ ਬਾਹਰ ਲੈ ਕੇ ਗਿਆ ਤਾਂ ਉਸ ਨੂੰ ਪੂਰਾ ਪਤਾ ਸੀ ਕਿ ਇੰਗਲੈਂਡ ਦੇ ਕੁਝ ਗਿਣੇ-ਚੁਣੇ ਬਹਾਦਰ ਦੋ ਲੜਾਈਆਂ ਫੁਲਫੋਰਡ ਤੇ ਸਟੈਮਫੋਰਡ ਬਰਿਜ ਵਿਚ ਮਾਰੇ ਗਏ ਸਨ ਤੇ ਅਜੇ ਉਹਦੀ ਸੈਨਾ ਦਾ ਅੱਧਾ ਹਿੱਸਾ ਵੀ ਇਕੱਠਾ ਨਹੀਂ ਸੀ ਹੋਇਆ । ਜਦੋਂ ਹੇਸਟਿੰਗਜ਼ ਵਿਚ ਉਹਨੇ ਵਿਲੀਅਮ ਦਾ ਸਾਹਮਣਾ ਕੀਤਾ ਉਦੋਂ ਤਕ ਅਜੇ ਉਸਦੀ ਸੈਨਾ ਦਾ ਤੀਜਾ ਭਾਗ ਵੀ ਯੁੱਧ ਪੰਗਤੀ ਵਿਚ ਨਹੀਂ ਸੀ ਜੁੜਿਆ । ਇਕ ਹੋਰ ਇਤਿਹਾਸਕਾਰ ਅਨੁਸਾਰ, ਹੈਰੋਲਡ ਹੇਸਟਿੰਗਜ਼ ਵਿਚ ਬਹੁਤ ਥੋੜੀ ਸੈਨਾ ਲੈ ਕੇ ਗਿਆ । ਤਾਂ ਵੀ ਗਿਆਰਵੀਂ ਸਦੀ ਲਈ *4000* ਸਿਪਾਹੀਆਂ ਦੀ ਗਿਣਤੀ ਇਕ ਭਾਰੀ ਸੈਨਾ ਸੀ ।

ਸਾਰੇ ਸੋਮਿਆਂ ਅਤੇ ਲੜਾਈ ਤੋਂ ਅੰਦਾਜ਼ਾ ਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਹੇਸਟਿੰਗਜ਼ ਦੀ ਜੰਗ ਸਮੇਂ ਹੈਰੋਲਡ ਦੀ ਕੁਲ ਸੈਨਾ ਲਗਭਗ *6000* ਸੀ । ਇਸ ਵਿਚ ਲਗਭਗ *1200* ਸ਼ਾਹੀ ਸੈਨਿਕ (ਹਾਊਸ ਕਾਰਲਸ) ਵੀ ਸ਼ਾਮਿਲ ਕੀਤੇ ਸਨ । ਜਿਨ੍ਹਾਂ ਦਾ ਕੰਮ ਰਾਜ ਦਰਬਾਰ ਦੀ ਰੱਖਿਆ ਕਰਨਾ ਹੁੰਦੀ ਸੀ । ਬਾਕੀ ਦੇ ਸੈਨਿਕ ਮਿਲੀਸ਼ੀਆ (Militia) ਸਨ ਜਿਸ ਦਾ ਭਾਵ ਹੈ ਕਿ ਰਾਜਾ ਲੋੜ ਪੈਣ ਤੇ *40* ਦਿਨਾਂ ਲਈ ਜਨਤਾ ਵਿਚੋਂ ਕਾਬਲ ਲੋਕਾਂ ਨੂੰ ਲੜਾਈ ਵਿਚ ਸ਼ਾਮਲ ਕਰ ਸਕਦਾ ਸੀ । ਜਿਨ੍ਹਾਂ ਨੂੰ ਜਨ ਸੈਨਿਕ ਕਿਹਾ ਜਾ ਸਕਦਾ ਹੈ ਪਰ ਜੇਂਐਫਸੀਂ ਫੁਲਰ ਲਿਖਦਾ ਹੈ ਕਿ, □ਹੈਰੋਲਡ ਨੂੰ ਪੂਰੀ ਸੈਨਾ ਇਕੱਠੀ ਕਰਨ ਦਾ ਮੌਕਾ ਹੀ ਨਹੀਂ ਮਿਲਿਆ ਅਤੇ ਹੈਰੋਲਡ ਮੁਸ਼ਕਲ ਨਾਲ ਚਾਰ ਜਾਂ ਪੰਜ ਹਜ਼ਾਰ ਸੈਨਿਕ ਇਕੱਠੇ ਕਰ ਸਕਿਆ ।□

## 3. ਨੋਰਮਨਾਂ ਦਾ ਸੈਨਿਕ ਪ੍ਰਬੰਧ :

ਨੋਰਮਨ ਨਾਂ ਪੁਰਾਤਨ ਸਕੇਡੀਨੇਵੀਆ (ਨੋਰਵੇ, ਸਵੀਡਨ ਅਤੇ ਡੈਨਮਾਰਕ) ਦੇ ਲੋਕਾਂ ਨੂੰ ਦਿੱਤਾ ਜਾਂਦਾ ਹੈ । ਇਹ ਨਾਂ ਉਨ੍ਹਾਂ ਨੂੰ ਨੀਦਰਲੈਂਡ, ਜਰਮਨੀ ਅਤੇ ਫਰਾਂਸ ਵਿਚ ਵੀ ਦਿੱਤਾ ਜਾਂਦਾ ਹੈ । ਨੋਰਮਨ ਇਕ ਲੜਨ ਵਾਲੀ ਅਤੇ ਜੋਸ਼ੀਲੀ ਜਾਤੀ ਸੀ । ਜਿਨ੍ਹਾਂ ਨੇ ਆਪਣੀਆਂ ਮੁਹਿੰਮਾਂ ਪੂਰੇ ਯੂਰਪ ਵਿਚ ਚਲਾਈਆਂ ਅਤੇ ਕਾਫੀ ਵੱਡੇ ਖੇਤਰ ਨੂੰ ਲੁੱਟਿਆ ਜਿਸ ਵਿਚ ਕੁਝ ਸਮੁੰਦਰੀ ਇਲਾਕੇ ਵੀ ਸ਼ਾਮਿਲ ਸਨ । ਨੋਰਮਨ ਯੂਰਪ ਦੇ ਵਿਚ ਨਿਰਦਈ ਅਤੇ ਜ਼ਾਲਮ ਸ਼ਾਸਕ ਦੇ ਨਾਂ ਨਾਲ ਮਸ਼ਹੂਰ ਸਨ ।

ਨੋਰਮਨ ਜੱਦੀ ਤੌਰ ਤੇ ਪੈਦਲ ਸੈਨਿਕ ਸਨ । ਨੋਰਮਨਾਂ ਦਾ ਸੈਨਿਕ ਪ੍ਰਬੰਧ ਆਮ ਨਾਲੋਂ ਕਾਫੀ ਵੱਖਰੇ ਕਿਸਮ ਦਾ ਸੀ । ਹਰ ਇਕ ਬੈਰਨ ਜਾਂ ਪਾਦਰੀ ਕੋਲ ਡਿਊਕ ਵਲੋਂ ਦਿੱਤੀ ਗਈ ਜ਼ਮੀਨ ਹੁੰਦੀ ਸੀ ਜੋ ਉਹ ਇਕ ਸ਼ਰਤ ਤੇ ਲੈਂਦਾ ਸੀ ਕਿ ਉਹ ਘੋੜ ਸਵਾਰ ਨਾਈਟ (ਘੋੜ ਸਵਾਰ ਸੈਨਿਕਾਂ ਦੀ ਹਥਿਆਰਬੰਦ ਟੁਕੜੀ) ਆਪਣੀ ਫੌਜੀ ਜ਼ਰੂਰਤ ਵਾਸਤੇ ਰੱਖੇਗਾ ਤੇ ਇਨ੍ਹਾਂ ਦੀ ਗਿਣਤੀ ਡਿਊਕ ਮਿੱਥਦਾ ਸੀ । ਇਹ ਹਥਿਆਰਬੰਦ ਤੇ ਘੋੜ ਸਵਾਰ ਨਾਈਟ ਸਨ ਜਿਨ੍ਹਾਂ ਉਤੇ ਨੋਰਮਨ ਸੈਨਿਕ ਸ਼ਕਤੀ ਦੀ ਨੀਂਹ ਰੱਖੀ ਗਈ ਸੀ । ਵਿਲੀਅਮ ਦੀਆਂ ਅਨੇਕਾਂ ਜੰਗਾਂ ਨਾਲ ਨੋਰਮਨ ਸੈਨਾ ਨੂੰ ਕਾਫੀ ਅਨੁਸ਼ਾਸਨ ਮਿਲਿਆ । ਨੋਰਮਨ ਸੈਨਾ ਨੂੰ ਵਿਲੀਅਮ ਸਮੇਂ ਸਿਖਲਾਈ ਵਿਚ ਨਿਪੁੰਨਤਾ ਹਾਸਿਲ ਹੋਈ ।

ਨੋਰਮਨਾਂ ਬਾਰੇ ਇਕ ਇਤਿਹਾਸਕਾਰ ਲਿਖਦਾ ਹੈ ਕਿ, ਇਹ ਕੌਮ ਲੜਾਈ ਵਿਚ ਪਲੀ ਹੈ ਤੇ ਜੰਗ ਤੋਂ ਬਿਨਾਂ ਰਹਿ ਨਹੀਂ ਸਕਦੀ । ਇਹ ਦੁਸ਼ਮਣ ਤੇ ਟੁੱਟ ਪੈਂਦੇ ਸਨ ਤੇ ਜਦੋਂ ਤਾਕਤ ਨਾਲ ਜਿੱਤ ਨਹੀਂ ਸਕਦੇ ਤਾਂ ਚਲਾਕੀ ਤੇ ਕਪਟ ਅਪਣਾਂਦੇ ਸਨ ਜਾਂ ਰਿਸ਼ਵਤ ਨਾਲ ਵੀ ਆਪਣੇ ਕੰਮ ਕੱਢਣ ਨੂੰ ਤਿਆਰ ਰਹਿੰਦੇ ਸਨ । ਰਤਾ ਕੁ ਗੁੱਸੇ ਨਾਲ ਉਹ ਬੇਵਫਾਈ ਕਰਨ ਤੋਂ ਵੀ ਨਹੀਂ ਝਿਜਕਦੇ ਸਨ । ਨੋਰਮਨਾਂ ਦਾ ਜਰਨੈਲ ਵਿਲੀਅਮ ਬੜਾ ਹੀ ਮਾਹਿਰ ਜਰਨੈਲ ਸੀ । ਉਹ ਉਪ-ਮਹਾਂਦੀਪ ਦੀ ਲੜਾਈ ਦੇ ਹਰ ਪੈਂਤੜੇ ਤੋਂ ਜਾਣੂ ਸੀ । ਸਿਰਫ ਅਨੁਸ਼ਾਸਨ ਲਾਗੂ ਕਰਨਾ ਹੀ ਨਹੀਂ ਸਗੋਂ ਆਪਣੀ ਸੈਨਾ ਨੂੰ ਲੜਾਈ ਦੇ ਮੈਦਾਨ ਵਿਚ ਰਸਦ ਭਿਜਵਾਉਣ ਦਾ ਵੀ ਵਧੀਆ ਪ੍ਰਬੰਧ ਕਰਦਾ ਸੀ ।

### 3.1 ਹਥਿਆਰ

ਨੋਰਮਨ ਨਾਈਟ ਲੋਹੇ ਦੇ ਨੋਕਦਾਰ (Conical) ਹੈਲਮਟ ਪਾਉਂਦੇ ਸਨ ਜਿਹੜੇ ਨੱਕ ਵੀ ਢੱਕਦੇ ਸਨ । ਉਹਨਾਂ ਦੇ ਕਵਚ ਗੋਡਿਆਂ ਤੱਕ ਆਉਂਦੇ ਸਨ ਅਤੇ ਅੱਧੀਆਂ ਬਾਂਹਾਂ ਦੇ ਅਗਲੇ ਹਿੱਸੇ ਅਤੇ ਲੱਤਾਂ ਦੇ ਹੇਠਲੇ ਭਾਗ ਨੂੰ ਢੱਕਣ ਲਈ ਵੀ ਸੰਜੋਆ ਦੇ ਛੋਟੇ ਟੁਕੜੇ ਹੁੰਦੇ ਸਨ । ਜਿਹੜੇ ਸੈਨਿਕਾਂ ਕੋਲ ਪੂਰਾ ਕਵਚ ਨਹੀਂ ਹੁੰਦਾ ਸੀ । ਉਹ ਆਪਣੇ ਆਪ ਨੂੰ ਬਚਾਉਣ ਲਈ ਸਖਤ ਚਮੜੇ ਦੇ ਟੁਕੜੇ ਵਰਤਦੇ ਸਨ । ਇਹ ਆਮ ਤੌਰ ਤੇ ਪੈਦਲ ਸੈਨਿਕ ਵਰਤਦੇ ਸਨ । ਹਮਲਾ ਕਰਨ ਵੇਲੇ ਉਹ ਬਰਛੇ, ਨੇਜੇ, ਸੁੱਟਣ ਵਾਲੀਆਂ ਛੋਟੀਆਂ ਬਰਛੀਆਂ, ਲੰਬੀ ਅਤੇ ਤਿੱਖੀ ਤਲਵਾਰ, ਕਦੇ ਕਦੇ ਉਹ ਗਦਾ (mace) ਦੀ ਵਰਤੋਂ ਵੀ ਕਰਦੇ ਸਨ । ਗਦੇ ਦੇ ਅਗਲੇ ਪਾਸੇ ਭਾਰੀ ਧਾਤ ਲੱਗੀ ਹੁੰਦੀ ਸੀ । ਨਾਰਮਨਾਂ ਦੀ ਸੈਨਾ ਵਿਚ ਤੀਰ ਅੰਦਾਜ਼ ਵੀ ਹੁੰਦੇ ਸਨ ਜਿਨ੍ਹਾਂ ਕੋਲ ਛੋਟੀ ਨਾਰਮਨ ਕਮਾਨ ਜਾਂ ਕਰਾਸ ਕਮਾਨ ਹੁੰਦੀ ਸੀ । ਨਾਰਮਨ ਕਿਲ੍ਹਿਆਂ ਦੀ ਵਰਤੋਂ ਕਰਦੇ ਸਨ । ਕਿਲ੍ਹਿਆਂ ਦੀ ਵਰਤੋਂ ਨਾਲ ਥੋੜ੍ਹੀ ਸੈਨਾ ਨਾਲ ਕੰਮ ਚਲ ਜਾਂਦਾ ਸੀ ਅਤੇ ਜ਼ਿਆਦਾ ਸੈਨਾ ਲੜਾਈ ਦੇ ਮੈਦਾਨ ਵਿਚ ਰੱਖੀ ਜਾ ਸਕਦੀ ਸੀ ।

### 3.2 ਨੋਰਮਨ ਸੈਨਾ ਦੀ ਗਿਣਤੀ :

ਜਦੋਂ ਵਿਲੀਅਮ ਨੇ ਇਕ ਵਾਰ ਹੈਰੋਲਡ ਨਾਲ ਜੰਗ ਕਰਨ ਦਾ ਫੈਸਲਾ ਲੈ ਲਿਆ ਤਾਂ ਵਿਲੀਅਮ ਨੇ ਮਹਿਸੂਸ ਕੀਤਾ ਕਿ ਇਹ ਕੋਈ ਜਾਗੀਰਦਾਰਾਂ ਦੀ ਤੇ ਮੁਜਾਰਿਆਂ ਦੀ ਆਪੋ ਵਿਚਕਾਰ ਲੜਾਈ ਨਹੀਂ ਸਗੋਂ ਇਕ ਅੰਤਰ-ਰਾਸ਼ਟਰੀ ਕਦਮ ਹੈ ਤੇ ਇਸ ਕਰਕੇ ਇਸ ਨੂੰ ਅੰਤਰਰਾਸ਼ਟਰੀ ਲੀਹਾਂ ਤੇ ਰੱਖਣਾ ਚਾਹੀਦਾ ਸੀ । ਉਸ ਜ਼ਮਾਨੇ ਵਿਚ ਦੋ ਅੰਤਰ-ਰਾਸ਼ਟਰੀ ਸ਼ਕਤੀਆਂ ਸਨ, ਪੋਪ ਤੇ ਬਾਦਸ਼ਾਹ । ਇਸ ਕਰਕੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੋਹਾਂ ਦੀ ਆਗਿਆ ਪ੍ਰਾਪਤ ਕੀਤੀ ਜਾਵੇ ਤੇ ਜੇ ਹੋ ਸਕੇ ਉਨ੍ਹਾਂ ਤੋਂ ਸਹਾਇਤਾ ਲੈਣ ਲਈ ਬੇਨਤੀ ਕੀਤੀ ਜਾਵੇ । ਉਹਦਾ ਪਹਿਲਾ ਕੰਮ ਸੀ ਕਿ ਦੋਹਾਂ ਦੀ ਆਗਿਆ ਲਈ ਉਹਨਾਂ ਦੋਨਾਂ ਨਾਲ ਸੰਪਰਕ ਕਰਨਾ ਅਤੇ ਦੂਜਾ ਯੂਰਪ ਦੇ ਸਭ ਬਾਦਸ਼ਾਹਾਂ ਕੋਲ ਦੂਤ ਭੇਜਣੇ ਕਿ ਅੰਗਰੇਜ਼ੀ ਤਖਤ ਉਤੇ ਉਹਦਾ ਹੱਕ ਹੈ । ਆਪਣੇ ਸਲਾਹਕਾਰ ਤੇ ਨੀਤੀ ਵੇਤਾ ਵਿਦਵਾਨ ਲੈਨਫਰੇਂਕ ਜੋ ਬੈਲ (Bell) ਦਾ ਮਹੰਤ ਸੀ, ਦੀ ਸਿਆਣਪ ਰਾਹੀਂ ਉਹ ਨੂੰ ਆਰਕੀਡੀਕਨ ਹਿਲਡਰਫੈਂਡ (Archdeacon HilderfInd) (ਜੋ ਪਿਛੋਂ ਗਰੈਗਰੀ ਸੱਤਵਾਂ ਬਣਿਆ) ਦੀ ਆਗਿਆ ਮਿਲ ਗਈ ਤੇ ਉਹਨੇ ਪੋਪ ਅਲੈਗਜੈਂਡਰ (Alexander) ਦੂਜੇ ਨੂੰ ਵੀ ਨਾਰਮਨਾਂ ਨੂੰ ਅਸ਼ੀਰਵਾਦ ਦੇਣ ਲਈ ਤੇ ਇਕ ਪਵਿੱਤਰ ਝੰਡਾ ਆਪ ਵਿਲੀਅਮ ਨੂੰ ਦੇਣ ਲਈ ਮਨਾ ਲਿਆ । ਹੈਨਰੀ ਚੌਥੇ ਕੋਲੋਂ ਵਿਲੀਅਮ ਨੇ ਸਹਾਇਤਾ ਦਾ ਇਕਰਾਰ ਲੈ ਲਿਆ । ਡੈਨਾਂ ਦੇ ਰਾਜੇ ਸਵੀਨ ਐਸਟਰਿਥਸਨ (Swein Estrithson) ਨੇ ਸਹਾਇਤਾ ਦੀ ਸੌਂਹ ਚੁੱਕੀ ਪਰ ਉਹਨੇ ਬਾਅਦ ਵਿਚ ਮਦਦ ਨਾ ਕੀਤੀ ।

ਵਿਲੀਅਮ ਨੂੰ ਜਿੰਨੀ ਸੈਨਾ ਚਾਹੀਦੀ ਸੀ ਉਨੀ ਨਾਰਮੈਂਡੀ ਵਿਚੋਂ ਭਰਤੀ ਕੀਤੀ ਜਾ ਸਕਦੀ ਸੀ । ਪਰ ਜਾਗੀਰਦਾਰੀ ਕਾਨੂੰਨ ਅਨੁਸਾਰ ਉਹਦੇ ਕੋਲ ਇਹ ਹੱਕ ਨਹੀਂ ਸੀ ਕਿ ਉਹ ਆਪਣੇ ਨੌਕਰਾਂ ਤੇ ਮੁਜਾਰਿਆਂ ਨੂੰ ਸਮੁੰਦਰ ਪਾਰ ਨੌਕਰੀ ਲਈ ਬੁਲਾਵੇ । ਵਿਲੀਅਮ ਨੇ ਆਪਣੇ ਅਮੀਰਾਂ ਦੀ ਸਭਾ ਲਿਲੀਬੋਨ (Lille Bonne) ਵਿਚ ਬੁਲਾਈ ਤਾਂ ਜੋ ਉਹ ਆਪਣੀ ਮੁਹਿੰਮ ਬਾਰੇ ਉਨ੍ਹਾਂ ਦੇ ਵਿਚਾਰ ਜਾਣ ਸਕੇ ਤੇ ਉਨ੍ਹਾਂ ਦੇ ਜਹਾਜ਼ ਆਦਿ ਗਿਣਕੇ ਆਪਣੇ ਜਹਾਜ਼ ਲੋੜ ਅਨੁਸਾਰ ਤਿਆਰ ਕਰੇ । ਉਹਨੇ ਆਪਣੀ ਗੈਰ-ਹਾਜ਼ਰੀ ਵਿਚ ਮੈਤਲਿਡਾ ਨੂੰ ਰਾਜੇ ਦੇ ਅਧਿਕਾਰ ਸੌਂਪੇ ਤੇ ਉਹਦੀ ਸਹਾਇਤਾ ਲਈ ਬੋਮੋਂਟ ਦੇ ਰੋਜਰ ਦੀ ਪ੍ਰਧਾਨਗੀ ਵਿਚ ਇਹ ਸਭਾ ਨਿਯਤ ਕੀਤੀ ।

ਪੋਪ ਦੀ ਸਹਾਇਤਾ ਮਿਲਣ ਦੇ ਨਾਲ ਵਿਲੀਅਮ ਦੇ ਕਈ ਹੋਰ ਸਹਾਇਕ ਉਠ ਖਲੋਤੇ ਕਿਉਂਕਿ ਇੰਗਲੈਂਡ ਵਰਗੇ ਅਮੀਰ ਤੇ ਵਿਸ਼ਾਲ ਦੇਸ਼ ਦੀ ਜਿੱਤ ਦਾ ਮਤਲਬ ਸੀ ਬੇਅੰਤ ਲੁੱਟਮਾਰ, ਅਮੀਰ ਸਿਪਾਹੀਆਂ ਨੂੰ ਤੇ ਭਾਗ ਲੈਣ ਵਾਲਿਆਂ ਨੂੰ ਜਾਗੀਰਾਂ ਮਿਲਣ ਦੀ ਆਸ ਸੀ । ਫਰਾਂਸ ਦੇ ਹਰ ਕੋਨੇ ਵਿਚੋਂ ਤੇ ਉਹਦੀਆਂ ਸੀਮਾਵਾਂ ਤੋਂ ਪਰੇ ਕਈ ਵਲੰਟੀਅਰ ਵਿਲੀਅਮ ਦੇ ਝੰਡੇ ਹੇਠਾਂ ਇਕੱਠੇ ਹੋ ਗਏ ।

ਜਦੋਂ ਹੈਰੋਲਡ ਇੰਗਲੈਂਡ ਦੇ ਉੱਤਰ ਵਲ ਹੱਲੇ ਦੀ ਤਿਆਰੀ ਕਰ ਰਿਹਾ ਸੀ ਤਾਂ ਵਿਲੀਅਮ ਉਸ ਵੇਲੇ ਆਪਣਾ ਸਮੁੰਦਰੀ ਬੇੜਾ ਤਿਆਰ ਕਰਨ ਵਿਚ ਤੇ ਸੈਨਾ ਦੀ ਭਰਤੀ ਵਿੱਚ ਰੁੱਝਾ ਹੋਇਆ ਸੀ । ਉਹ ਅਮੁੱਕ ਸ਼ਕਤੀ ਸੀ ਤੇ ਅਗਸਤ ਦੇ ਮੱਧ ਵਿਚ ਸਭ ਕੁਝ ਤਿਆਰ ਹੋ ਚੁੱਕਾ ਸੀ । ਬਹੁਤ ਸਾਰੇ ਹਥਿਆਰ ਡਾਈਵਜ਼ (Dives) ਨਦੀ ਦੇ ਕੰਢਿਆਂ ਤੇ ਇਕੱਠੇ ਕੀਤੇ ਸਨ । ਇਨ੍ਹਾਂ ਹਥਿਆਰਾਂ ਦੀ ਗਿਣਤੀ ਕਿੰਨੀ ਕੁ ਸੀ, ਇਸ ਦਾ ਠੀਕ ਅੰਦਾਜ਼ਾ ਲਾਉਣਾ ਔਖਾ ਸੀ । ਇਕ ਇਤਿਹਾਸਕਾਰ ਅਨੁਸਾਰ ਸੈਨਾ ਦੀ ਗਿਣਤੀ *50000* ਜਵਾਨ ਸੀ ਅਤੇ *3000* ਜਹਾਜ਼ ਸਨ ਪਰ ਰੈਮਜ਼ੇ ਅਨੁਸਾਰ ਇਸ ਗਿਣਤੀ ਨੂੰ ਦਸ ਤੇ ਵੰਡਣਾ ਚਾਹੀਦਾ ਹੈ ।

ਕੁਝ ਸੋਮਿਆਂ ਮੁਤਾਬਕ ਰਾਜਾ ਵਿਲੀਅਮ ਦੇ ਸੈਨਿਕਾਂ ਦੀ ਕੁਲ ਗਿਣਤੀ *6500* ਪੈਦਲ ਸੈਨਿਕ, *3600* ਘੋੜ ਸਵਾਰ ਸੈਨਿਕ ਅਤੇ *1000* ਪੈਦਲ ਤੀਰ ਕਮਾਨ ਸੈਨਿਕ ਵੀ ਦੱਸੀ ਗਈ ਹੈ । ਪਰ ਜਿਵੇਂ ਹੇਸਟਿੰਗਜ਼ ਦੀ ਜੰਗ ਲਈ ਵਿਲੀਅਮ ਵਲੋਂ ਵਰਤੇ ਗਏ ਸੈਨਿਕਾਂ ਦੀ ਗਿਣਤੀ ਦਾ ਸਵਾਲ ਹੈ, ਇਸ ਬਾਰੇ ਕਿਤੇ ਵੀ ਅੰਕੜੇ ਨਹੀਂ ਮਿਲਦੇ, ਪਰ ਜਦੋਂ ਵਿਲੀਅਮ ਨੇ ਪੀਵੈਨਸੀ ਵਿਖੇ ਆਪਣੀ ਸੈਨਾ ਉਤਾਰੀ ਤਾਂ ਉਸ ਨੂੰ ਸੈਨਾ ਉਤਾਰਨ ਵਿਚ ਇਕ ਦਿਨ ਲੱਗਾ । ਇਸ ਸਮੇਂ ਵਿਚ ਕਿੰਨੇ ਸੈਨਿਕ ਉਤਾਰੇ ਜਾ ਸਕਦੇ ਸਨ । ਇਸ ਤੋਂ ਕੁਝ ਇਤਿਹਾਸਕਾਰਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਵਿਲੀਅਮ ਦੀ ਸੈਨਾ ਦੀ ਗਿਣਤੀ *5000* ਤੋਂ ਵੱਧ ਨਹੀਂ ਸੀ । ਜੇ ਮਲਾਹਾਂ ਆਦਿ ਜੋ ਕਿ ਲੜਾਈ ਵਿਚ ਹਿੱਸਾ ਨਹੀਂ ਲੈ ਸਕਦੇ ਸਨ, ਉਹਨਾਂ ਨੂੰ ਮਿਲਾ ਕੇ ਇਹ ਗਿਣਤੀ *7-8* ਹਜ਼ਾਰ ਬਣਦੀ ਹੈ ।

### 3.3 ਸੈਨਾਵਾਂ ਦਾ ਹੇਸਟਿੰਗਜ਼ ਵਲ ਵਧਣਾ :

*12* ਅਗਸਤ ਤੋਂ ਪਹਿਲਾਂ ਵਿਲੀਅਮ ਆਪਣਾ ਲੜਾਈ ਦਾ ਸਾਰਾ ਸਮਾਨ ਤਿਆਰ ਕਰ ਚੁੱਕਾ ਸੀ । ਪਰ ਜਦੋਂ ਉਸਨੇ ਮਾਰਚ ਸ਼ੁਰੂ ਕਰਨਾ ਸੀ ਤਾਂ ਮੌਸਮ ਖਰਾਬ ਹੋ ਗਿਆ ਤੇ ਉੱਤਰੀ ਪੌਣ ਨੇ ਡਾਈਵਜ਼ (Dives) ਵਿਚ ਸਮੁੰਦਰੀ ਫੌਜ ਨੂੰ ਅੱਗੇ ਨਾ ਵਧਣ ਦਿੱਤਾ । *12* ਸਤੰਬਰ ਨੂੰ ਪੌਣ ਪੱਛਮ ਵੱਲ ਵਗਣੀ ਸ਼ੁਰੂ ਹੋਈ । ਵਿਲੀਅਮ ਨੇ ਇਸ ਮੌਕੇ ਦਾ ਪੂਰਾ ਫਾਇਦਾ ਉਠਾਇਆ ਤੇ ਆਪਣੇ ਜਹਾਜ਼ਾਂ ਨੂੰ ਸੈਂਟ ਵਾਲੇਰੀ ਜੋ ਸੋਮ (somme) ਦੇ ਸਮੁੰਦਰ ਕੋਨੇ ਵਿਚ ਸੀ ਜਾ ਪਹੁੰਚਾਇਆ । ਇਥੋਂ ਚੈਨਲ ਨੂੰ ਪਾਰ ਕਰਨ ਲਈ ਛੋਟਾ ਰਾਹ ਸੀ । ਫਿਰ ਹਵਾ ਉੱਤਰ ਵਲ ਹੋ ਗਈ । ਅਜਿਹੇ ਹਾਲਾਤਾਂ ਵਿਚ ਵਿਲੀਅਮ ਨੂੰ ਅਨੁਸ਼ਾਸਨ ਰੱਖਣ ਲਈ ਮਿਹਨਤ ਕਰਨੀ ਪਈ ।

*27* ਸਤੰਬਰ ਨੂੰ ਅਖੀਰ ਹਵਾ ਦਾ ਰੁੱਖ ਦੱਖਣ ਵਲ ਹੋਇਆ । ਵਿਲੀਅਮ ਨੇ ਸੈਨਾ ਨੂੰ ਅਤੇ ਸਮਾਨ ਨੂੰ ਬਹੁਤ ਤੇਜ਼ੀ ਨਾਲ ਜਹਾਜ਼ਾਂ ਤੇ ਚੜ੍ਹਾਇਆ ਅਤੇ ਰਾਤ ਪੈਣ ਤਕ ਸਭ ਕੁਝ ਜਹਾਜ਼ਾਂ ਤੇ ਸਵਾਰ ਸੀ । ਉਸਨੇ ਹਰ ਇਕ ਬੇੜੀ ਨੂੰ ਬੱਤੀ ਜਗਾਣ ਦੀ ਹਦਾਇਤ ਦਿੱਤੀ । ਉਸਨੇ ਆਪਣੇ ਜਹਾਜ਼ ਮੋਰਾ (ਝ਼ਰਗ਼) ਉੱਤੇ ਉਸਨੇ ਇਕ ਵੱਡਾ ਲੈਂਪ ਲਟਕਾ ਦਿੱਤਾ । ਇਸਦੀ ਰੋਸ਼ਨੀ ਪਿਛੇ ਸਾਰੇ ਸਮੁੰਦਰੀ ਬੇੜੇ ਨੇ ਆਉਣਾ ਸੀ । ਅੱਧੀ ਰਾਤ ਦੇ ਲਗਭਗ ਸੈਨਾ ਦੀ ਰਵਾਨਗੀ ਸ਼ੁਰੂ ਹੋਈ ਤੇ ਅਗਲੇ ਦਿਨ ਨੌਂ ਵਜੇ *28* ਸਤੰਬਰ *1066* ਨੂੰ ਉਹ ਅੰਗਰੇਜ਼ੀ ਤੱਟ ਤੇ ਪੀਵੈਂਸੀ (Pevency) ਦੇ ਸਥਾਨ ਤੇ ਜਾ ਪਹੁੰਚੇ । ਉਥੇ ਫੌਜ ਨੇ ਉਤਰਨਾ ਸ਼ੁਰੂ ਕੀਤਾ । ਅਗਲੇ ਦਿਨ ਵਿਲੀਅਮ ਆਪਣੀ ਸੈਨਾ ਨੂੰ ਹੇਸਟਿੰਗਜ਼ ਮਾਰਚ ਕਰਵਾ ਕੇ ਲੈ ਗਿਆ । ਹੇਸਟਿੰਗਜ਼ ਵਿਚ ਉਹਨੇ ਆਪਣਾ ਤੰਬੂ ਲਾਇਆ ਤੇ ਆਪਣੇ ਅੱਡੇ ਨੂੰ ਸੁਰੱਖਿਅਤ ਰੱਖਣ ਲਈ ਇਕ ਲੱਕੜ ਦਾ ਕਿਲ੍ਹਾ ਬਣਾਇਆ । ਇਸ ਤੋਂ ਬਾਅਦ ਉਸਦੇ ਸਾਰੇ ਪਾਸੇ ਤਬਾਹੀ ਮਚਾਣੀ ਸ਼ੁਰੂ ਕੀਤੀ ਅਤੇ ਫੌਜ ਲਈ ਰਸਦ ਇਕੱਠੀ ਕੀਤੀ ।

ਹੈਰੋਲਡ ਯੋਰਕ ਵਿਚ ਆਪਣੇ ਜਵਾਨਾਂ ਨੂੰ ਆਰਾਮ ਦੇ ਕੇ ਆਪਣੀ ਫਤਿਹ ਮਨਾ ਰਿਹਾ ਸੀ । ਉਥੇ ਹੀ ਪਹਿਲੀ ਅਕਤੂਬਰ ਨੂੰ ਉਸਨੂੰ ਵਿਲੀਅਮ ਦੇ ਪਹੁੰਚਣ ਦੀ ਖਬਰ ਮਿਲੀ । ਉਸਨੇ ਫਰਿੱਡ ਨੂੰ ਇਕੱਠੀ ਹੋਣ ਦਾ ਹੁਕਮ ਦਿੱਤਾ । ਉਹ ਦੋ ਅਕਤੂਬਰ ਨੂੰ ਚਲ ਪਿਆ ਤਾਂ ਜੋ ਲੰਡਨ ਅਤੇ ਉਹਦੇ


ਵਿਚਕਾਰ ਦੇ ਦੋ ਸੌ ਮੀਲ ਦਾ ਇਲਾਕਾ ਸੀ ਉਹ ਲੰਘਾਇਆ ਜਾ ਸਕੇ। ਬੜੀ ਤੇਜ਼ੀ ਨਾਲ ਚਲ ਕੇ ਉਹ ਉਥੇ 5 ਜਾਂ 6 ਅਕਤੂਬਰ ਨੂੰ ਪਹੁੰਚਿਆ। ਇਥੇ ਉਹ 11 ਅਕਤੂਬਰ ਨੂੰ ਪਹੁੰਚਿਆ ਅਤੇ ਜੋ ਵੀ ਸੈਨਾ ਮਿਲੀ ਉਸਨੂੰ ਇਕੱਠਾ ਕੀਤਾ। ਉਹ ਦੁਸ਼ਮਣ ਤੇ ਅਚਾਨਕ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ। ਉਸਨੇ ਦੁਸ਼ਮਣ ਨੂੰ ਭੱਜਣ ਤੋਂ ਰੋਕਣ ਲਈ ਸੱਤ ਸੌ (ਕੁਝ ਇਤਿਹਾਸਕਾਰਾਂ ਮੁਤਾਬਕ ਇਹ ਗਿਣਤੀ ਬਹੁਤ ਘੱਟ ਸੀ) ਹਥਿਆਰਬੰਦ ਜਹਾਜ਼ ਭੇਜੇ ਤਾਂ ਜੋ ਦੁਸ਼ਮਣ ਦੀ ਵਾਪਸੀ ਦਾ ਰਾਹ ਰੁਕ ਜਾਵੇ।

## 4. ਸੈਨਾਵਾਂ ਦੀ ਤਰਤੀਬ ਬੰਦੀ

14 ਅਕਤੂਬਰ ਨੂੰ ਹੈਰੋਲਡ ਲੰਡਨ ਤੋਂ ਸੱਠ ਮੀਲ ਦਾ ਸਫਰ ਕਰਕੇ ਪੁੱਜਾ ਤੇ 13-14 ਅਕਤੂਬਰ ਦੀ ਰਾਤ ਉਹ ਉਸ ਥਾਂ ਤੇ ਪਹੁੰਚਿਆ ਜਿਥੇ ਅੱਜ ਕਲ੍ਹ ਬੈਟਲ ਨਗਰ ਹੈ। ਹੈਰੋਲਡ ਦੇ ਸਿਪਾਹੀਆਂ ਨੇ 13-14 ਅਕਤੂਬਰ ਦੀ ਰਾਤ ਸੌਣ ਤੇ ਸ਼ਰਾਬ ਪੀਣ ਵਿਚ ਲੰਘਾਈ। ਦੂਜੇ ਪਾਸੇ, ਵਿਲੀਅਮ ਦੀ ਸਾਰੀ ਸੈਨਾ ਸਾਰੀ ਰਾਤ ਜੰਗ ਦੀ ਤਿਆਰੀ ਕਰਦੀ ਰਹੀ।

ਰਾਜਾ ਹੈਰੋਲਡ ਦੀ ਸੈਨਾ ਬੈਟਲ ਹਿਲ (Battle Hill) ਨਾਮਕ ਪਹਾੜੀਆਂ ਦੇ ਪਿਛੇ ਤੈਨਾਤ ਹੋ ਗਈ ਅਤੇ ਆਪਣੇ ਸਾਹਮਣੇ ਸੁਰੱਖਿਆ ਲਈ ਝਾੜੀਆਂ ਅਤੇ ਦਰਖਤਾਂ ਨੂੰ ਛੱਡ ਕੇ ਡੇਰਾ ਲਾ ਲਿਆ। ਟਿੱਲੇ ਦੇ ਸਿਖਰ ਤੇ ਹੈਰੋਲਡ ਨੇ ਦੋ ਆਪਣੇ ਝੰਡੇ ਲਾਏ, ਇਕ ਵੈਸੇਕਸ ਦਾ ਡਰੈਗਨ (Dragon of the Wessex) ਤੇ ਦੂਜਾ ਆਪਣਾ ਨਿੱਜੀ ਝੰਡਾ। ਲੜਾਕੂ ਆਦਮੀ (The Fighting Man) ਹੈਰੋਲਡ ਨੇ ਆਪਣੇ ਹਾਊਸ ਕਾਰਲਸ ਨੂੰ ਵੱਖੀਆਂ ਵਲ ਖੜ੍ਹਾ ਕੀਤਾ, ਇਹ ਸੋਚ ਕੇ ਜੇ ਉਹ ਟਿੱਬੇ ਦੇ ਸਿਖਰ ਉੱਤੇ ਸੀ ਤੇ ਦੁਸ਼ਮਣ ਦੇ ਘੋੜ ਸਵਾਰ ਉਹਦੀਆਂ ਵੱਖੀਆਂ ਨਾਲੋਂ ਕੇਂਦਰ ਤੇ ਜ਼ਿਆਦਾ ਹਮਲੇ ਕਰਨਗੇ। ਵੱਖੀਆਂ ਵੱਲ ਫਰਿਡ ਸੈਨਿਕ ਸਨ। ਹੈਰੋਲਡ ਦੀ ਯੁੱਧ ਪੰਗਤੀ ਦੇ ਜ਼ਿਆਦਾ ਵੇਰਵੇ ਨਹੀਂ ਮਿਲਦੇ ਪਰ ਆਮ ਤੌਰ ਤੇ ਸੈਕਸ਼ਨਾਂ ਦੀ ਯੁੱਧ ਪੰਗਤੀ ਢਾਲਾਂ ਦੀ ਦੀਵਾਰ ਵਾਲੀ ਹੁੰਦੀ ਸੀ। ਇਸ ਵਿਚ ਢਾਲ ਦੇ ਨਾਲ ਢਾਲ ਅਤੇ ਮੋਢੇ ਨਾਲ ਮੋਢਾ ਜੁੜਿਆ ਹੁੰਦਾ ਸੀ। ਪੈਦਲ ਸੈਨਾ ਦੇ ਵਿਰੁੱਧ ਇਹ ਤਲਵਾਰ ਸੈਨਾ ਦੀ ਪੰਗਤੀ ਹੁੰਦੀ ਸੀ ਤੇ ਇਹ ਪੈਦਲ ਸੈਨਾ ਲਈ ਵੀ ਜ਼ਰੂਰੀ ਸੀ। ਜੋ ਉਹ ਘੋੜ ਸਵਾਰ ਸੈਨਾ ਦੇ ਸਾਹਮਣੇ ਹੋਵੇ ਜਿਹੜੀ ਆਪਣੀ ਸਫਲਤਾ ਅਚਾਨਕ ਹਮਲਿਆਂ ਉੱਤੇ ਨਿਰਭਰ ਕਰਦੀ ਹੋਵੇ। ਪੈਂਤੜੇ ਦੇ ਦ੍ਰਿਸ਼ਟੀਕੋਣ ਤੋਂ ਹੈਰੋਲਡ ਚਾਹੁੰਦੀ ਸੀ ਕਿ ਇਸ ਤਰ੍ਹਾਂ ਮੋਰਚਾ ਵੀ ਨਾ ਟੁੱਟੇ ਤੇ ਉਹਦੀ ਢਾਲਾਂ ਦੀ ਦੀਵਾਰ ਬਹੁਤੀ ਘਣੀ ਵੀ ਨਾ ਹੋ ਜਾਵੇ।

ਜੰਗ ਸਵੇਰੇ 9 ਵਜੇ ਸ਼ੁਰੂ ਹੋਈ ਸੀ। ਵਿਲੀਅਮ ਮੈਦਾਨ ਵਲ ਸਵੇਰੇ ਹੀ ਨਿਕਲਿਆ ਤੇ ਉਸਨੇ ਟੇਹਲਮ ਪਹਾੜੀ ਤੇ ਪਹੁੰਚਣ ਵਾਸਤੇ ਘੱਟ ਤੋਂ ਘੱਟ ਛੇ ਮੀਲ ਦਾ ਸਫਰ ਤਹਿ ਕਰਨਾ ਸੀ। ਉਸਨੇ ਉਥੇ ਪਹੁੰਚ ਕੇ ਸੈਨਾ ਨੂੰ ਤਿੰਨ ਹਿੱਸਿਆ ਵਿਚ ਵੰਡ ਦਿੱਤਾ, ਖੱਬਾ ਪਾਸਾ, ਕੇਂਦਰੀ ਅਤੇ ਸੱਜਾ ਪਾਸਾ। ਖੱਬੇ ਪਾਸੇ ਬਰਿਟਨੀ ਦੇ ਕਾਊਂਟ ਐਲਨ ਦੀ ਕਮਾਨ ਹੇਠਾਂ ਬਰੇਟਨ ਸਨ, ਸੱਜੇ ਪਾਸੇ ਵਿਲੀਅਮ ਦੇ ਹੇਠ ਭਾੜੇ ਦੇ ਸਿਪਾਹੀ ਜਿਨ੍ਹਾਂ ਦੀ ਕਮਾਨ ਬੋਲੋਨ ਦੇ


London
Calbac Hill
Kine
Harlod
fyrdman
Hoany apple tree ridge
fyrdman
Housecarls
archers
BRETONS NORMANS FRENCH
EUSTAGE OF
BOULOGNS
Asten Broat
heavy Infantry
WILLIAM
ALAN OF
BRITTANY
Hastings
knights
falbam
English
Norman infantry
Caralary

ਉਸਟੇਸ (Eustace of Boulogne) ਕੋਲ ਸੀ ਤੇ ਕੇਂਦਰ ਵਿਚ ਨਾਰਮਨ ਉਸ ਦੀ ਕਮਾਨ ਹੇਠਾਂ ਸਨ । ਹਰ ਇਕ ਡਵੀਜ਼ਨ ਨੂੰ ਤਿੰਨ-ਤਿੰਨ ਪੰਕਤੀਆਂ ਵਿਚ ਵੰਡਿਆ ਹੋਇਆ ਸੀ । ਪਹਿਲੀ ਪੰਗਤੀ ਵਿਚ ਤੀਰ ਅੰਦਾਜ਼ ਕਮਾਨਾਂ ਵਾਲੇ ਖੜੇ ਕੀਤੇ ਗਏ ਸਨ । ਦੂਜੀ ਵਿਚ ਭਾਰੇ ਹਥਿਆਰਾਂ ਵਾਲੀ ਪੈਦਲ ਸੈਨਾ ਤੇ ਤੀਜੀ ਵਿਚ ਘੋੜ ਸਵਾਰ ਨਾਇਟ ਸਨ ।

## 4.1 ਲੜਾਈ ਦੀ ਸ਼ੁਰੂਆਤ :

ਵਿਲੀਅਮ ਨੇ ਫਰਾਂਸੀਸੀ ਸੈਨਾ ਨੂੰ ਇੰਗਲੈਂਡ ਦੀ ਸੈਨਾ ਉੱਤੇ ਪਹਿਲਾ ਹਮਲਾ ਕਰਨ ਦਾ ਹੁਕਮ ਦਿੱਤਾ । ਉਸ ਦੇ ਸੈਨਿਕਾਂ ਨੇ ਇੰਗਲੈਂਡ ਦੀ ਸੈਨਾ ਉੱਤੇ ਤੀਰਾਂ ਨਾਲ ਵਾਛੜ ਕੀਤੀ ਪਰ ਇੰਗਲੈਂਡ ਦੀ ਸੈਨਾ ਉੱਤੇ ਇਸ ਦਾ ਕੋਈ ਪ੍ਰਭਾਵ ਨਹੀਂ ਹੋਇਆ ਕਿਉਂਕਿ ਅੰਗਰੇਜ਼ ਸੈਨਿਕ ਪਹਾੜੀਆਂ ਪਿਛੋਂ ਮੋਰਚਾ ਬੰਦ ਸਨ । ਇਸ ਤੋਂ ਬਾਦ ਵਿਲੀਅਮ ਨੇ ਆਪਣੀ ਪੈਦਲ ਸੈਨਾ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ । ਜਦੋਂ ਪੈਦਲ ਸੈਨਿਕ ਇੰਗਲੈਂਡ ਦੀ ਸੈਨਾ ਉੱਤੇ ਹਮਲਾ ਕਰਨ ਲਈ ਬੈਟਲ ਹਿਲ ਉੱਤੇ ਚੜ੍ਹੇ ਤਾਂ ਅੰਗਰੇਜ਼ ਸੈਨਿਕਾਂ ਨੇ ਉਨ੍ਹਾਂ ਉੱਤੇ ਘਾਤ ਲਗਾਕੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਪਿੱਛੇ ਵਲ ਧਕੇਲ ਦਿੱਤਾ । ਅੰਤ ਵਿਚ ਵਿਲੀਅਮ ਨੇ ਆਪਣੀ ਘੋੜ ਸਵਾਰ ਸੈਨਾ ਨੂੰ ਵੀ ਅੱਗੇ ਵਧਣ ਦਾ ਹੁਕਮ ਦਿੱਤਾ ਅਤੇ ਜਦੋਂ ਫਰਾਂਸੀਸੀ ਘੋੜਸਵਾਰ ਸੈਨਾ ਪਹਾੜੀਆਂ ਕੋਲ ਪਹੁੰਚੀ ਤਾਂ ਘੋੜਿਆਂ ਦੀ ਰਫਤਾਰ ਬਿਲਕੁਲ ਹੌਲੀ ਹੋ ਗਈ । ਜਦੋਂ ਫਰਾਂਸੀਸੀ ਘੋੜਸਵਾਰ ਸੈਨਿਕ ਅੰਗਰੇਜ਼ ਸੈਨਾ ਦੀ ਮਾਰ ਹੇਠ ਆ ਗਏ ਤਾਂ ਅੰਗਰੇਜ਼ ਸੈਨਿਕਾਂ ਨੇ ਭਾਲੇ, ਕੁਹਾੜੇ, ਬਰਛੇ ਆਦਿ ਦੀ ਮਦਦ ਨਾਲ ਇਕ ਦਮ ਫਰਾਂਸੀਸੀ ਘੋੜਸਵਾਰ ਸੈਨਾ ਉੱਤੇ ਹਮਲਾ ਕਰ ਦਿੱਤਾ । ਇਸ ਹਮਲੇ ਨਾਲ ਫਰਾਂਸੀਸੀ ਘੋੜਸਵਾਰ ਸੈਨਾ ਦੇ ਖੱਬੇ ਪਾਸੇ ਘਾਤ ਲਗਾ ਕੇ ਹਮਲਾ ਕੀਤਾ ਜਿਸ ਕਾਰਣ ਫਰਾਂਸੀਸੀ ਸੈਨਾ ਦਾ ਬਹੁਤ ਨੁਕਸਾਨ ਹੋਇਆ ਅਤੇ ਉਸਨੂੰ ਪਿੱਛੇ ਹਟਣਾ ਪਿਆ ।

ਇਸ ਜਿੱਤ ਤੋਂ ਬਾਦ ਇੰਗਲੈਂਡ ਦੀ ਜਲ ਸੈਨਾ ਜੋ ਸੱਜੇ ਪਾਸੇ ਵਲ ਸੀ ਆਪਣੇ ਮੋਰਚਿਆਂ ਵਿਚੋਂ ਨਿਕਲ ਕੇ ਬਾਹਰ ਆ ਗਏ ਅਤੇ ਖੱਬੇ ਪਾਸੀ ਵਾਲੀ ਫਰਾਂਸੀਸੀ ਘੋੜ ਸਵਾਰ ਸੈਨਾ ਜੋ ਪਿਛੇ ਹਟ ਗਈ, ਉਸ ਉੱਤੇ ਟੁੱਟ ਪਏ । ਜਦੋਂ ਫਰਾਂਸੀਸੀ ਘੋੜਸਵਾਰ ਸੈਨਿਕਾਂ ਦਾ ਪਿਛਾ ਕਰਦੀ ਹੋਈ, ਇੰਗਲੈਂਡ ਦੀ ਸੈਨਾ ਕਾਫੀ ਅੱਗੇ ਵਧ ਆਈ ਤਾਂ ਅਚਾਨਕ ਹੀ ਫਰਾਂਸੀਸੀ ਘੋੜਸਵਾਰ ਸੈਨਿਕ ਇਕ ਦਮ ਟੁੱਟ ਪਏ ਅਤੇ ਪਿਛੇ ਮੁੜ ਕੇ ਇੰਗਲੈਂਡ ਦੇ ਸੈਨਿਕਾਂ ਉੱਤੇ ਜ਼ੋਰਦਾਰ ਹਮਲਾ ਕਰ ਦਿੱਤਾ ਅਤੇ ਉਹਨਾਂ ਦਾ ਬਹੁਤ ਨੁਕਸਾਨ ਕੀਤਾ । ਇਸ ਤਰ੍ਹਾਂ ਇੰਗਲੈਂਡ ਦੀ ਸੈਨਾ ਦਾ ਸੱਜਾ ਪਾਸਾ ਨਕਾਰਾ ਹੋ ਗਿਆ । ਇੰਗਲੈਂਡ ਦੇ ਸੈਨਿਕ ਜੋ ਪਹਾੜਾਂ ਪਿਛੇ ਮੋਰਚਾਬੰਦ ਸਨ ਤਾਂ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਸੀ ਪਰ ਜਦੋਂ ਉਹ ਫਰਾਂਸੀਸੀ ਘੋੜਸਵਾਰ, ਸੈਨਾ ਦਾ ਪਿੱਛਾ ਕਰਦੇ ਹੋਏ ਮੋਰਚਿਆਂ ਵਿਚੋਂ ਬਾਹਰ ਨਿਕਲ ਆਏ ਤਾਂ ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ । ਇੰਗਲੈਂਡ ਦੇ ਸੈਨਿਕ ਪਿਛੇ ਹਟ ਰਹੀ ਫਰਾਂਸੀਸੀ ਸੈਨਾ ਉਤੇ ਆਪਣਾ ਦਬਾਅ ਨਹੀਂ ਪਾ ਸਕੇ । ਜੇ ਇੰਗਲੈਂਡ ਦੇ ਸੈਨਿਕ ਇਸ ਮੌਕੇ ਦਾ ਲਾਭ ਉਠਾ ਲੈਂਦੇ ਤਾਂ ਜਿੱਤ ਪ੍ਰਾਪਤ ਕਰ ਸਕਦੇ ਸਨ ਕਿਉਂਕਿ ਉਸ ਸਮੇਂ ਫਰਾਂਸੀਸੀ ਸੈਨਾ ਦੇ ਹੌਸਲੇ ਵੀ ਨੀਵੇਂ ਸਨ ਅਤੇ ਉਹ ਘਬਰਾਏ ਹੋਏ ਸਨ ਅਤੇ ਉਸ ਸਮੇਂ ਅਫਵਾਹ ਫੈਲ ਗਈ ਕਿ ਵਿਲੀਅਮ ਘੋੜੇ ਤੋਂ ਡਿਗ ਪਿਆ ਅਤੇ ਉਹ ਮਾਰਿਆ ਗਿਆ ਹੈ । ਪਰ ਇੰਗਲੈਂਡ ਦੇ ਸੈਨਿਕ ਇਸ ਨਾਜ਼ੁਕ ਸਥਿਤੀ ਦਾ ਵੀ ਲਾਭ ਨਹੀਂ ਉਠਾ ਸਕੇ ।

ਵਿਲੀਅਮ ਨੇ ਇਕ ਵਾਰ ਫਿਰ ਆਪਣੇ ਸੈਨਿਕਾਂ ਨੂੰ ਹੁਕਮ ਦਿੱਤਾ ਕਿ ਉਹ ਅੰਗਰੇਜ਼ ਸੈਨਾ ਦੀ ਕੇਂਦਰ ਅਤੇ ਪਾਸੇ ਵਾਲੀ ਮੋਰਚਾਬੰਦ ਸੈਨਾ ਨੂੰ ਹਮਲਾ ਕਰਕੇ ਬਾਹਰ ਕੱਢਣ ਪਰ ਫਰਾਂਸੀਸੀ ਸੈਨਾ ਨੂੰ ਸਫਲਤਾ ਨਹੀਂ ਮਿਲੀ । ਫਿਰ ਵਿਲੀਅਮ ਨੇ ਅੰਗਰੇਜ਼ ਸੈਨਾ ਨੂੰ ਮੋਰਚੇ ਵਿਚੋਂ ਬਾਹਰ ਕੱਢਣ ਲਈ ਇਕ

ਯੁੱਧਨੀਤਕ ਚਾਲੀ ਚਲੀ । ਵਿਲੀਅਮ ਦੀ ਘੋੜ ਸਵਾਰ ਸੈਨਾ ਪਹਿਲਾਂ ਇਕ ਦਮ ਅੱਗੇ ਵਧ ਗਈ ਪਰ ਜਦੋਂ ਅੰਗਰੇਜ਼ ਸੈਨਾ ਨੇ ਫਰਾਂਸੀਸੀ ਸੈਨਾ ਨੂੰ ਪਿਛੇ ਧੱਕਣ ਲਈ ਥੋੜਾ ਜਿਹਾ ਯਤਨ ਕੀਤਾ ਤਾਂ ਫਰਾਂਸੀਸੀ ਘੋੜ ਸਵਾਰ ਸੈਨਿਕ ਜਾਣ ਬੁੱਝ ਕੇ ਪਿਛੇ ਵਲ ਨੂੰ ਭੱਜਣ ਲਗ ਪਏ । ਜਦੋਂ ਫਰਾਂਸੀਸੀ ਘੋੜ ਸਵਾਰ ਪਿਛੇ ਹੱਟ ਗਏ ਤਾਂ ਅੰਗਰੇਜ਼ ਸੈਨਾ ਦੇ ਖੱਬੀ ਪਾਸੇ ਵਲ ਮੋਰਚਾਬੰਦ ਸੈਨਿਕਾਂ ਨੇ ਘੋੜ ਸਵਾਰ ਸੈਨਾ ਦਾ ਪਿੱਛਾ ਕੀਤਾ ਪਰ ਫਰਾਂਸੀਸੀ ਸੈਨਾ ਇਕ ਦਮ ਰੁਕ ਗਈ ਅਤੇ ਮੁੜ ਕੇ ਅੰਗਰੇਜ਼ ਸੈਨਾ ਤੇ ਹਮਲਾ ਕਰ ਦਿੱਤਾ । ਜਿਸ ਨਾਲ ਅੰਗਰੇਜ਼ ਸੈਨਾ ਦਾ ਖੱਬਾ ਪਾਸਾ ਵੀ ਨਕਾਰਾ ਹੋ ਗਿਆ ।

ਵਿਲੀਅਮ ਨੇ ਅੰਗਰੇਜ਼ ਸੈਨਾ ਦੇ ਕੇਂਦਰੀ ਭਾਗ ਦਾ ਮੁਕਾਬਲਾ ਕਰਨ ਲਈ ਨਵੀਂ ਚਾਲ ਚਲੀ । ਵਿਲੀਅਮ ਨੇ ਆਪਣੇ ਤੀਰ ਕਮਾਨ ਵਾਲੇ ਸੈਨਿਕਾਂ ਨੂੰ ਹੁਕਮ ਦਿੱਤਾ ਕਿ ਉਹ ਇਸ ਢੰਗ ਨਾਲ ਤੀਰ ਚਲਾਉਣ ਕਿ ਅੰਗਰੇਜ਼ ਸੈਨਾ ਦੇ ਸਿਰਾਂ ਉੱਤੇ ਤੀਰ ਲਗਣ । ਇਸ ਨਾਲ ਹੀ ਵਿਲੀਅਮ ਨੇ ਆਪਣੀ ਘੋੜ ਸਵਾਰ ਸੈਨਾ ਨੂੰ ਸਾਹਮਣੇ ਤੋਂ ਹਮਲਾ ਕਰਨ ਲਈ ਤਿਆਰ ਰਹਿਣ ਦਾ ਹੁਕਮ ਦਿੱਤਾ । ਜਦੋਂ ਫਰਾਂਸੀਸੀ ਤੀਰਮਾਰਾਂ ਨੇ ਤੀਰ ਚਲਾਏ ਤਾਂ ਅੰਗਰੇ ਜ਼ ਸੈਨਾ ਦਾ ਬਹੁਤ ਨੁਕਸਾਨ ਹੋਇਆ, ਉਨ੍ਹਾਂ ਦੇ ਸਿਰਾਂ ਉੱਤੇ ਤੀਰ ਲਗਣੇ ਸ਼ੁਰੂ ਹੋ ਗਏ ਅਤੇ ਇਸ ਹਮਲੇ ਵਿਚ ਜਰਨੈਲ ਰਾਜਾ ਹੈਰੋਲਡ ਵੀ ਮਾਰਿਆ ਗਿਆ । ਰਾਜਾ ਹੈਰੋਲਡ ਦੇ ਮਰਨ ਨਾਲ ਬਾਕੀ ਅੰਗਰੇਜ਼ ਸੈਨਾ ਦਾ ਮਨੋਬਲ ਟੁੱਟ ਗਿਆ ਅਤੇ ਉਨ੍ਹਾਂ ਨੇ ਹਥਿਆਰ ਸੁੱਟ ਦਿੱਤੇ । ਇਸ ਤਰ੍ਹਾਂ ਫਰਾਂਸੀਸੀ ਸੈਨਾ ਨੇ ਇਹ ਲੜਾਈ ਜਿੱਤ ਲਈ । ਇਸ ਜੰਗ ਨੇ ਇਕ ਵਾਰ ਫੇਰ ਪੈਦਲ ਸੈਨਾ ਦੀ ਬਜਾਇ ਘੋੜਸਵਾਰ ਸੈਨਾ ਦੀ ਮਹਤੱਤਾ ਨੂੰ ਸਾਬਤ ਕਰ ਦਿੱਤਾ ।

**ਸਾਰ –**

ਇਸ ਲੜਾਈ ਵਿਚ ਰਾਜਾ ਵਿਲੀਅਮ ਨੇ ਬਹੁਤ ਹੀ ਯੁੱਧਨੀਤਕ ਚਾਲਾਂ ਚਲੀਆਂ । ਉਸਨੇ ਅੰਗਰੇਜ਼ ਸੈਨਾ ਨੂੰ ਹਰਾਉਣ ਲਈ ਹਮਲਾਵਰੀ ਕਾਰਵਾਈਆਂ ਜਾਰੀ ਰੱਖੀਆਂ ਅਤੇ ਅਚੰਭੇ ਦੇ ਸਿਧਾਂਤ ਦੀ ਵਰਤੋਂ ਕੀਤੀ । ਇਸ ਤੋਂ ਇਲਾਵਾ ਵਿਲੀਅਮ ਦੀ ਘੋੜ ਸਵਾਰ ਸੈਨਾ ਅਤੇ ਤੀਰ ਮਾਰ ਦਲ ਨੇ ਬਹੁਤ ਹੀ ਤਾਲਮੇਲ ਅਤੇ ਸਹਿਯੋਗ ਨਾਲ ਕੰਮ ਕੀਤਾ ।

## 5. ਹੇਸਟਿੰਗਜ਼ ਦੀ ਲੜਾਈ ਲਈ ਵਰਤੇ ਯੁੱਧ ਦੇ ਸਿਧਾਂਤ

ਹੇਸਟਿੰਗਜ਼ ਦੀ ਲੜਾਈ ਵਿਚ ਕਈ ਮਹੱਤਵਪੂਰਣ ਯੁੱਧ ਦੇ ਸਿਧਾਂਤ ਵਰਤੇ ਗਏ ।

### 5.1 ਹੌਸਲੇ ਨੂੰ ਬੁਲੰਦ ਰੱਖਣਾ :

ਜਦ ਇਹ ਅਫਵਾਹ ਫੈਲ ਗਈ ਸੀ ਕਿ ਵਿਲੀਅਮ ਘੋੜੇ ਤੋਂ ਡਿਗ ਕੇ ਮਰ ਗਿਆ ਹੈ, ਫਰਾਂਸੀਸੀ ਫੌਜ ਦੇ ਹੌਸਲੇ ਭਾਵੇਂ ਕਾਫੀ ਡਿਗ ਪਏ ਸਨ ਪਰ ਫਿਰ ਵੀ ਜਰਨੈਲਾਂ ਨੇ ਆਪਣੀ ਸੂਝ ਬੂਝ ਕਰਕੇ ਆਪਣੀ ਫੌਜ ਦੇ ਹੌਸਲੇ ਨੂੰ ਕਾਇਮ ਰੱਖਿਆ ਪਰ ਹੈਰੋਲਡ ਦੇ ਮਰਨ ਤੋਂ ਬਾਦ ਉਸ ਦੀ ਫੌਜ ਦਾ ਹੌਸਲਾ ਬਿਲਕੁਲ ਟੁੱਟ ਗਿਆ ਅਤੇ ਜਲਦੀ ਹੀ ਉਹਨਾਂ ਨੇ ਹਥਿਆਰ ਸੁੱਟ ਦਿੱਤੇ ।

### 5.2 ਅਚੰਭਾ :

ਜਦ ਇੰਗਲੈਂਡ ਦੀ ਫੌਜ ਫਰਾਂਸੀਸੀ ਫੌਜ ਦਾ ਪਿੱਛਾ ਕਰ ਰਹੀ ਸੀ ਤਾਂ ਅਚਾਨਕ ਹੀ ਫਰਾਂਸੀਸੀ ਫੌਜ ਰੁੱਕ ਗਈ ਤੇ ਉਹਨਾਂ ਨੇ ਇੰਗਲੈਂਡ ਦੀ ਫੌਜ ਤੇ ਹਮਲਾ ਕਰ ਦਿੱਤਾ ਤੇ ਉਸ ਦੀ ਸੱਜੀ ਬਾਂਹ ਬਿਲਕੁਲ ਹੀ ਨਕਾਰਾ ਕਰ ਦਿੱਤੀ । ਇਸ ਦਾ ਇੰਗਲੈਂਡ ਨੂੰ ਬਹੁਤ ਹੀ ਜ਼ਿਆਦਾ ਨੁਕਸਾਨ ਹੋਇਆ ।

### 5.3 ਹਿਫਾਜ਼ਤ :

ਇੰਗਲੈਂਡ ਦੀ ਫੌਜ ਨੇ ਪਹਿਲਾਂ ਪਹਿਲ ਆਪਣੀ ਫੌਜ ਦੀ ਬਹੁਤ ਹੀ ਜ਼ਿਆਦਾ ਹਿਫਾਜ਼ਤ ਕੀਤੀ । ਆਪਣੀ ਫੌਜ ਨੂੰ ਪਹਾੜੀਆਂ ਦੇ ਦੂਸਰੇ ਪਾਸੇ ਸੁਰੱਖਿਅਤ ਜਗ੍ਹਾ ਤੇ ਰੱਖਿਆ ਸੀ । ਜਿਸ ਕਰਕੇ ਫਰਾਂਸੀਸੀ ਫੌਜ ਨੇ ਜਦੋਂ ਹਮਲਾ ਕੀਤਾ ਤਾਂ ਉਸ ਦਾ ਬਹੁਤ ਨੁਕਸਾਨ ਹੋਇਆ ।

### 5.4 ਹਮਲਾਵਰੀ ਕਾਰਵਾਈ :

ਫਰਾਂਸੀਸੀ ਫੌਜ ਜ਼ਿਆਦਾ ਕਰਕੇ ਹਮਲਾਵਰੀ ਹੀ ਰਹੀ । ਜਦ ਕਿ ਇੰਗਲੈਂਡ ਦੀ ਫੌਜ ਹਮੇਸ਼ਾ ਹੀ ਬਚਾਉ ਵਿਚ ਰਹੀ ।

### 5.5 ਲਚਕਤਾ :

ਇਸ ਲੜਾਈ ਵਿਚ ਲਚਕਤਾ ਦੇ ਸਿਧਾਂਤ ਨੂੰ ਵੀ ਬਖੂਬੀ ਨਾਲ ਅਪਣਾਇਆ ਗਿਆ । ਜਦੋਂ ਵਿਲੀਅਮ ਨੇ ਵੇਖਿਆ ਕਿ ਉਸਦੀ ਪਹਿਲੀ ਯੋਜਨਾ ਅਸਫਲ ਹੋ ਗਈ ਹੈ ਤਾਂ ਉਸਨੇ ਝੱਟ ਹੀ ਨਵੀਆਂ ਚਾਲਾਂ ਅਪਣਾ ਕੇ ਜਿੱਤ ਹਾਸਲ ਕੀਤੀ ।

# ਪੜ੍ਹਨ ਯੋਗ ਪੁਸਤਕਾਂ


1. Bullock, H. : Military History of Western World
2. Fuller, J.F.C. : The Decisive Battles of Western World
3. Montogomery : A History of Warfare
4. Timothy BIker : The Normans
5. ਡਾ. ਹਰਪ੍ਰੀਤ ਸਿੰਘ : ਜੰਗਬਾਜੀ ਦੀ ਉਤਪਤੀ

ਪਾਠ ਨੰ 1.4

# ਚੰਗੇਜ਼ ਖਾਂ ਅਤੇ ਤੈਮੂਰ ਅਧੀਨ ਮੰਗੋਲਾਂ ਦੀ ਯੁੱਧ ਕਲਾ

# (Mongol Art of War under Changez Khan And TIimur)

## 1. ਭੂਮਿਕਾ -

ਮੰਗੋਲ ਜੱਦੀ ਤੌਰ ਤੇ ਮੱਧ ਮੰਗੋਲੀਆ ਨਾਲ ਸੰਬੰਧ ਰੱਖਦੇ ਸਨ ਜੋ ਕਿ ਮੱਧ ਏਸ਼ੀਆ ਦਾ ਇਕ ਬਹੁਤ ਵੱਡਾ ਪਠਾਰ ਹੈ । ਇਹ ਅੱਜ ਕਲ ਰਾਜਨੀਤਿਕ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ । ਅੰਦਰੂਨੀ ਮੰਗੋਲੀਆ ਦਾ ਹਿੱਸਾ ਚੀਨ ਕੋਲ ਹੈ ਅਤੇ ਦੂਜਾ ਭਾਗ ਮੰਗੋਲੀਆ ਪੀਪਲਜ਼ ਰੀਪਬਲਿਕ (Peoples Republic of MongoliI) ਦੇ ਨਾਂ ਨਾਲ ਅਲੱਗ ਦੇਸ਼ ਹੈ ।

### 1.1 ਚੰਗੇਜ਼ ਖਾਂ (Changez Khan)

ਚੰਗੇਜ਼ ਖਾਂ ਦਾ ਜਨਮ ਮੰਗੋਲੀਆ ਵਿਚ ਉਨਨ (Onon) ਨਦੀ ਦੇ ਨੇੜੇ 1162 ਈਸਵੀ (ਸਰ ਜਾਦੂ ਨਾਥ ਸਰਕਾਰ ਮੁਤਾਬਕ 1154-1227 A.D.) ਵਿੱਚ ਹੋਇਆ । ਉਸ ਦਾ ਪਿਤਾ ਮੰਗੋਲੀਆ ਦਾ ਮੁਖੀ ਸੀ । ਚੰਗੇਜ਼ ਖਾਂ ਬੇਰਜੀਜ਼ਨ (Berjijin) ਕਬੀਲੇ ਨਾਲ ਸੰਬੰਧ ਰੱਖਦਾ ਸੀ । ਉਸਨੇ ਸ਼ੁਰੂ ਵਿੱਚ ਟੱਪਰੀਵਾਸ ਕਬੀਲਿਆਂ ਨੂੰ ਆਪਣੇ ਅਧੀਨ ਲਿਆਉਣਾ ਸ਼ੁਰੂ ਕੀਤਾ । ਉਸਨੇ ਹੋਰ ਕਬੀਲਿਆਂ ਨੂੰ ਆਪਣੇ ਨਾਲ ਮਿਲਾਉਣ ਦੇ ਲਈ ਸਮਝੌਤੇ, ਵਿਆਹ ਭਾਈਚਾਰਕ ਸੰਬੰਧ ਆਦਿ ਸਾਰੇ ਤਰੀਕੇ ਵਰਤੇ । ਇਨ੍ਹਾਂ ਵਿਚ ਤਤਾਰ, ਤੁਰਕ ਅਤੇ ਹੋਰ ਸੀਥੀਅਨ ਨਸਲਾਂ ਦੇ ਲੋਕ ਸ਼ਾਮਲ ਸਨ । ਇਸ ਮਿਲੇ-ਜੁਲੇ ਹਜੂਮ ਉਤੇ ਉਸ ਨੇ ਲੋਹੇ ਵਰਗਾ ਪੱਕਾ ਅਨੁਸ਼ਾਸਨ ਕਾਇਮ ਕੀਤਾ । ਉਸਦਾ ਪੱਕਾ ਸੰਗਠਨ, ਯੋਗ ਕਮਾਂਡਰਾਂ ਦੀ ਨਾ ਫੇਲ ਹੋਣ ਵਾਲੀ ਚੋਣ ਅਤੇ ਆਪਣੇ ਕੈਂਪ ਵਿਚ ਹਰ ਧਰਮ ਨੂੰ ਪੂਰੀ ਧਾਰਮਿਕ ਆਜ਼ਾਦੀ ਦੇਣ ਦੀ ਸਿਆਣੀ ਨੀਤੀ, ਉਸਦੀ ਕਾਮਯਾਬੀ ਦੇ ਮਹੱਤਵਪੂਰਣ ਕਾਰਨ ਸਨ । ਸੰਸਾਰ ਵਿਚ ਕੋਈ ਅਜਿਹਾ ਜਰਨੈਲ ਨਹੀਂ ਮਿਲਦਾ ਜਿਸ ਨੇ ਭਾਂਤ ਭਾਂਤ ਦੇ ਇੰਨੇ ਕਬੀਲਿਆਂ ਤੇ ਫਿਰਕਿਆਂ ਨੂੰ ਇਕ ਸੰਗਠਿਤ ਫੌਜੀ ਪ੍ਰਬੰਧ ਵਿਚ ਜੋੜਨ ਵਿਚ ਇੰਨੀ ਜ਼ਿਆਦਾ ਯੋਗਤਾ ਵਿਖਾਈ ਹੋਵੇ । ਇਨ੍ਹਾਂ ਤੱਤਾਂ ਨੇ ਚੰਗੇਜ਼ ਖਾਂ ਨੂੰ ਬਹੁਤ ਜ਼ਿਆਦਾ ਸਖਤ ਰਾਜ ਵਾਲਾ ਰਾਜਾ ਬਣਾ ਦਿੱਤਾ । ਇਸ ਤੋਂ ਬਾਅਦ ਉਸਨੇ ਹੋਰ ਇਲਾਕਿਆਂ ਵਿਚ ਆਪਣੀਆਂ ਜਿੱਤਾਂ ਸ਼ੁਰੂ ਕੀਤੀਆਂ ।

ਉਸਦੀ ਸਭ ਤੋਂ ਪਹਿਲੀ ਜਿੱਤ ਉੱਤਰੀ ਚੀਨ ਵੱਲ ਸੀ । ਉਸ ਤੋਂ ਬਾਅਦ ਯੋਗ ਜਰਨੈਲਾਂ ਦੀ ਮਦਦ ਨਾਲ ਇਰਾਨ ਉਪਰ ਕਬਜ਼ਾ ਕੀਤਾ ਅਤੇ ਫਿਰ ਰੂਸ ਉਪਰ ਹਮਲਾ ਕੀਤਾ । ਚੰਗੇਜ਼ ਖਾਂ ਨੇ ਇਸ ਤਰ੍ਹਾਂ ਪੀਲੇ ਸਮੁੰਦਰ (Yellow Sea) ਤੋਂ ਏਡਰੀਆਟਿਕ (Adriatic) ਤੱਕ ਦਾ ਸਾਰਾ ਪੂਰਬੀ ਸੰਸਾਰ ਫਤਿਹ ਕਰ ਲਿਆ ਅਤੇ ਰੂਸ ਵਿਚ ਤਾਤਾਰ ਰਾਜ ਦੀ ਨੀਂਹ ਰੱਖੀ ਜਿਹੜਾ ਕਿ 200 ਸਾਲ ਤੱਕ ਕਾਇਮ ਰਿਹਾ ।

1221 ਈਸਵੀ ਵਿਚ ਮੰਗੋਲ ਪਹਿਲੀ ਵਾਰ ਭਾਰਤ ਦੀ ਸੀਮਾ ਤੱਕ ਪਹੁੰਚ ਗਏ । ਚੰਗੇਜ਼ ਖਾਂ ਮੰਗੋਲੀਆ ਤੋਂ ਹੁੰਦਾ ਹੋਇਆ ਹਿੰਦੁਸਤਾਨ ਤਕ ਆ ਪੁੱਜਾ, ਉਸਨੇ ਅਫਗਾਨਿਸਤਾਨ ਨੂੰ ਉਜਾੜਿਆ ਅਤੇ ਹਿਰਾਤ, ਪਿਸ਼ਾਵਰ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ । ਉਹਨੇ ਖਵਾਰਜ਼ਮ ਦੇ ਸ਼ਾਹ ਜਲਾਲੂਦੀਨ ਨੂੰ ਸਿੰਧ ਨਦੀ ਦੇ ਕੋਲ ਯੁੱਧ ਵਿਚ ਹਰਾ ਦਿੱਤਾ । ਸ਼ਾਹ ਹਾਰਨ ਤੋਂ ਪਿਛੋਂ ਭੱਜ ਕੇ ਦਿੱਲੀ ਆ ਗਿਆ ਪਰ ਬਾਅਦ ਵਿਚ ਉਸਨੂੰ ਦਿੱਲੀ ਦਾ ਪੌਣ-ਪਾਣੀ ਰਾਸ ਨਹੀਂ ਆਇਆ ਅਤੇ ਉਹ ਵਾਪਸ ਚਲਾ ਗਿਆ, ਦੂਜੇ ਪਾਸੇ ਚੰਗੇਜ਼ ਖਾਂ ਅਤੇ ਉਸਦੀ ਸਾਥੀ ਭਾਰਤ ਦੀ ਗਰਮੀ ਨਾ ਸਹਾਰ ਸਕੇ ਅਤੇ ਸਿੰਧ ਦਰਿਆ ਨੂੰ ਪਾਰ ਕਰਕੇ ਵਾਪਿਸ ਚਲੇ ਗਏ । ਇਸ ਤਰ੍ਹਾਂ ਭਾਰਤ ਚੰਗੇਜ਼ ਖਾਂ ਦੇ ਹਮਲੇ ਤੋਂ ਬਚ ਗਿਆ । ਚੰਗੇਜ਼ ਖਾਂ ਤੋਂ ਬਾਅਦ ਉਸ ਦੇ ਵਾਰਿਸਾਂ

ਨੇ ਸਾਮਰਾਜ ਵਿਚ ਵਾਧੇ ਦੀ ਨੀਤੀ ਚਾਲੂ ਰੱਖੀ ।

ਮੰਗੋਲਾਂ ਨੂੰ ਉਹਨਾਂ ਦੇ ਬਹੁਤ ਵਧੀਆ ਸੈਨਿਕ ਸੰਗਠਨ ਅਤੇ ਲੜਾਈ ਦੀਆਂ ਤਕਨੀਕਾਂ ਨੇ ਲੜਾਈਆਂ ਵਿਚ ਕਾਮਯਾਬੀ ਦਿੱਤੀ । ਮੰਗੋਲਾਂ ਦੀ ਤੇਜ਼ ਗਤੀ ਵਾਲੀ ਘੋੜ ਸਵਾਰ ਸੈਨਾ ਦੁਸ਼ਮਣਾਂ ਨੂੰ ਘੇਰਾ ਪਾ ਕੇ 100 ਗਜ਼ ਤੋਂ ਵੀ ਜ਼ਿਆਦਾ ਦੂਰੀ ਤੇ ਮਾਰ ਕਰ ਸਕਣ ਦੇ ਸਮਰਥ ਸੀ । ਉਹ ਨਵੀਆਂ ਤਕਨੀਕਾਂ ਅਪਨਾਉਣ ਅਤੇ ਮਨੋਵਿਗਿਆਨਕ ਜੰਗ ਅਤੇ ਜਸੂਸੀ ਲਈ ਵੀ ਕਾਫੀ ਜ਼ਿਆਦਾ ਤੇਜ਼ ਸਨ ।

1206 ਵਿਚ ਚੰਗੇਜ਼ ਖਾਂ ਨੇ ਕਈ ਕਾਨੂੰਨ ਬਣਾਏ ਜਿਨ੍ਹਾਂ ਨੂੰ [ਯਾਸਾ] (Yasa) ਕਿਹਾ ਜਾਂਦਾ ਸੀ । ਇਸ ਵਿਚ ਅਦਾਲਤ, ਫੌਜ, ਆਮ ਲੋਕਾਂ, ਅਪਰਾਧੀਆਂ ਅਤੇ ਵਣਜ ਵਿਹਾਰ ਲਈ ਕਾਨੂੰਨ ਸਨ । ਮੰਗੋਲ ਕਾਨੂੰਨ ਅਤੇ ਰਾਜਨੀਤਿਕ ਪ੍ਰਬੰਧ ਨੇ ਪਹਿਲੇ 200 ਸਾਲਾਂ ਵਿਚ ਰੂਸ ਨੂੰ ਵੀ ਕਾਫੀ ਪ੍ਰਭਾਵਿਤ ਕੀਤਾ ।

ਚੰਗੇਜ਼ ਖਾਂ ਇਕ ਲਚਕਤਾ ਵਾਲਾ ਅਤੇ ਚੰਗੀ ਸੂਝ ਵਾਲਾ ਵਿਅਕਤੀ ਸੀ ਅਤੇ ਜਦ ਵੀ ਉਸਨੂੰ ਸਮਾਂ ਮਿਲਦਾ, ਉਹ ਹੋਰਾਂ ਤੋਂ ਸਿਖਣ ਦੀ ਕੋਸ਼ਿਸ਼ ਕਰਦਾ ਸੀ । ਚੰਗੇਜ਼ ਖਾਂ ਨੂੰ ਪਰਸ਼ੀਅਨ, ਅਰਬੀ ਅਤੇ ਚੀਨੀ ਲੇਖਕ ਬਹੁਤ ਨਿਰਦਈ ਸ਼ਾਸਕ ਸਮਝਦੇ ਸਨ, ਪਰ ਉਸਦਾ ਅਤਿਵਾਦ ਇਕ ਮਨੋਵਿਗਿਆਨਕ ਜੰਗ ਹੁੰਦੀ ਸੀ । ਉਸਨੇ ਕਦੇ ਵੀ ਹਿਟਲਰ ਵਾਂਗ ਇਕ ਸਮਾਜਿਕ ਵਰਗ ਨੂੰ ਖਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਇਸ ਵਿਚ ਕੋਈ ਸ਼ੱਕ ਨਹੀਂ ਕਿ ਚੰਗੇਜ਼ ਖਾਂ ਸਭਿਆਚਾਰ ਦੇ ਕੁਝ ਕੇਂਦਰਾਂ, ਘੱਟ ਗਿਣਤੀ ਜਾਤੀਆਂ, ਪ੍ਰਤੀ ਨਰਮ ਸੀ । ਚਾਹੇ ਉਸਦੀ ਚੀਨ ਅਤੇ ਰੂਸ ਵਿਚ ਨਿਖੇਧੀ ਕੀਤੀ ਜਾਂਦੀ ਹੈ । ਪਰ ਦੂਜੇ ਪਾਸੇ ਉਹ ਮੰਗੋਲੀਆਂ ਦੀ ਜਨਤਾ ਵਲੋਂ ਸਤਿਕਾਰਿਆ ਵੀ ਜਾਂਦਾ ਹੈ ।

## 2. ਚੰਗੇਜ਼ ਖਾਂ ਦਾ ਸੈਨਿਕ ਸੰਗਠਨ (Military Organization of Changez Khan)

ਚੰਗੇਜ਼ ਖਾਂ ਨੇ, ਮੰਗੋਲਾਂ ਨੂੰ ਜੋ ਤੰਬੂਆਂ ਵਿਚ ਰਹਿੰਦੇ ਸਨ ਉਨ੍ਹਾਂ ਨੂੰ ਇਕੱਠੇ ਕਰਕੇ, ਆਪਣੇ ਫੌਜੀ ਢਾਂਚੇ ਵਿਚ ਸ਼ਾਮਿਲ ਕੀਤਾ । ਜਗੀਰਦਾਰੀ ਸਿਧਾਂਤ ਜਿਹੜੇ ਕਿ ਮੰਗੋਲ ਰਾਜ ਵਿਚ ਸਨ, ਉਹੀ ਸਿਧਾਂਤ, ਫੌਜ ਵਿਚ ਵੀ ਲਾਗੂ ਸਨ ।

ਫੌਜ ਵਿਚ ਸਭ ਤੋਂ ਵੱਡੀ ਯੂਨਿਟ 10000 ਬੰਦਿਆਂ ਦੀ ਹੁੰਦੀ ਸੀ । ਉਸਨੂੰ [ਤੁਮਨ] (Tuman) ਕਿਹਾ ਜਾਂਦਾ ਸੀ । ਇਸ ਨੂੰ ਅੱਗੇ ਦੱਸ ਭਾਗਾਂ ਵਿਚ ਵੰਡਿਆ ਜਾਂਦਾ ਸੀ ਜਿਸ ਨੂੰ [ਮਿਗਾਂ] (Migghan) ਕਿਹਾ ਜਾਂਦਾ ਸੀ । ਇਸ ਦੇ ਹਰ ਭਾਗ ਵਿਚ 1000 ਵਿਅਕਤੀ ਹੁੰਦੇ ਸਨ ਅਤੇ ਇਹ ਫਿਰ ਅੱਗੇ ਦਸ ਭਾਗਾਂ ਵਿਚ ਵੰਡੀ ਹੁੰਦੀ ਸੀ, ਇਸ ਨੂੰ ਜਾਗੂਨ (Jaghun) ਕਿਹਾ ਜਾਂਦਾ ਸੀ । ਇਕ ਜਾਗੂਨ ਵਿਚ 100 ਵਿਅਕਤੀ ਹੁੰਦੇ ਸਨ । ਸੈਨਾ ਦਾ ਸਭ ਤੋਂ ਛੋਟਾ ਭਾਗ ਅਰਬਾਂ (Arban) ਹੁੰਦਾ ਸੀ, ਇਸਦੇ ਹਰ ਭਾਗ ਵਿਚ 10 ਸੈਨਿਕ ਹੁੰਦੇ ਸਨ । ਇਹ ਸਿਸਟਮ ਚੰਗੇਜ਼ ਖਾਂ ਨੇ ਨਹੀਂ ਬਣਾਇਆ ਸੀ, ਇਹ ਪਹਿਲਾਂ ਵੀ ਮੱਧ ਏਸ਼ੀਆ ਦੇ ਟੱਪਰੀਵਾਸਾਂ ਵਿਚ ਇਸੇ ਤਰ੍ਹਾਂ ਹੀ ਚਲਦਾ ਸੀ । ਵਿਦੇਸ਼ੀ ਢਾਂਚਿਆਂ ਵਿਚੋਂ ਚੀਨੀ ਢਾਂਚੇ ਨੇ ਵੀ ਮੰਗੋਲ ਢਾਂਚੇ ਨੂੰ ਪ੍ਰਭਾਵਿਤ ਕੀਤਾ । ਚੰਗੇਜ਼ ਖਾਂ ਨੇ ਵੀ ਚੀਨੀ ਢਾਂਚੇ ਦਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ । ਚੰਗੇਜ਼ ਖਾਂ ਦੀਆਂ ਅਜਿਹੀਆਂ ਕੋਸ਼ਿਸ਼ਾਂ ਅਤੇ ਮਿਹਨਤਾਂ ਨੇ ਮੰਗੋਲ ਫੌਜ ਨੂੰ ਅੱਧੀ ਸਦੀ ਤਕ ਅਜਿੱਤ ਬਣਾਈ ਰੱਖਿਆ । ਚੰਗੇਜ਼ ਖਾਂ ਇਕ ਬਹੁਤ ਸਖਤ ਜਰਨੈਲ ਸੀ । ਉਸਨੇ ਕਮਾਂਡਰਾਂ ਅਤੇ ਸੈਨਿਕਾਂ ਲਈ ਬੜੇ ਸਾਫ ਨਿਯਮ ਬਣਾਏ ਹੋਏ ਸਨ । ਸੈਨਿਕਾਂ ਦੇ ਇਕ ਯੂਨਿਟ ਤੋਂ ਦੂਜੇ ਯੂਨਿਟ ਵਿਚ ਜਾਣ ਦੀ ਸਖਤ ਮਨਾਹੀ ਸੀ । ਜੇ ਕੋਈ ਸੈਨਿਕ ਅਜਿਹਾ ਕਰਦਾ ਸੀ ਅਤੇ ਜਾਂ ਫਿਰ ਕਮਾਂਡਰ ਉਸਨੂੰ ਸਵੀਕਾਰ ਕਰਦਾ ਸੀ ਤਾਂ ਦੋਨਾਂ ਨੂੰ ਹੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ ।

### 2.1 ਸੈਨਿਕਾਂ ਦੀ ਵੰਡ (Division of Forces)

ਚੰਗੇਜ਼ ਖਾਂ ਨੇ ਵੱਖ-ਵੱਖ ਕੁਲਾਂ (Clans) ਅਤੇ ਜਾਤੀਆਂ (Tribes) ਇਸ ਤਰ੍ਹਾਂ ਵੰਡੀਆਂ ਹੋਈਆਂ ਸਨ ਕਿ ਬੜੇ ਥੋੜ੍ਹੇ ਸਮੇਂ ਵਿਚ [ਜਾਗੂਨਾਂ] ਅਤੇ [ਮਿਗਾਂ] ਬਣਾਈਆਂ ਜਾ ਸਕਦੀਆਂ ਸਨ । ਇਨ੍ਹਾਂ ਦੇ ਮੁਖੀ ਚੰਗੇਜ਼ ਖਾਂ ਉਹਨਾ ਵਿਅਕਤੀਆਂ ਨੂੰ ਲਾਉਂਦਾ ਸੀ ਜਿਹਨਾਂ ਨੂੰ ਉਹ ਨਿਜੀ ਤੌਰ ਤੇ ਜਾਣਦਾ ਹੁੰਦਾ ਸੀ ਅਤੇ ਉਹਨਾਂ ਉਪਰ ਭਰੋਸਾ ਹੁੰਦਾ ਸੀ । ਕਮਾਂਡਰ ਉਸੇ ਕੁਲ ਜਾਂ ਜਾਤੀ ਵਿਚੋਂ ਹੁੰਦੇ ਸਨ ਜਿਨ੍ਹਾਂ ਨੂੰ ਉਹ ਕਮਾਂਡ ਕਰਦੇ ਸੀ ਅਤੇ ਉਹ ਪ੍ਰਬੰਧ

ਲਈ ਉਹੀ ਫੌਜੀ ਢਾਂਚਾ ਅਖਤਿਆਰ ਕਰਦੇ ਸੀ ਜਿਸ ਨਾਲ ਉਹਨਾਂ ਵਿਚ ਏਕਤਾ ਰਹਿ ਸਕੇ। ਜਿਹੜਾ ਵਿਅਕਤੀ ਇਹ ਪ੍ਰਦਰਸ਼ਨ ਕਰਦਾ ਸੀ ਕਿ ਉਹ ਸ਼ਾਸਕ ਲਈ ਵਫਾਦਾਰ ਹੈ ਉਸੇ ਨੂੰ ਕੁਲ ਦਾ ਮੁਖੀਆ ਲਾ ਦਿੱਤਾ ਜਾਂਦਾ ਸੀ।

ਚੰਗੇਜ਼ ਖਾਂ ਉਹਨਾਂ ਕਮਾਂਡਰਾਂ ਨੂੰ ਆਪਣੇ ਅਖਤਿਆਰ ਤੇ ਰੱਖਦਾ ਸੀ ਜਿਨ੍ਹਾਂ ਨੂੰ ਉਹ ਨਿੱਜੀ ਤੌਰ ਤੇ ਉਹਨਾਂ ਦੇ ਗੁਣਾਂ ਕਰਕੇ ਜਾਣਦਾ ਸੀ। ਇਹ ਨਿਯਮ ਖਾਸ ਤੌਰ ਤੇ ਚੰਗੇਜ਼ ਖਾਂ ਦੀ ਗਾਰਡ ਤੇ ਜ਼ਰੂਰ ਲਾਗੂ ਹੁੰਦਾ ਸੀ। ਜਾਗੂਨ, ਮਿਗਾਂ ਅਤੇ ਤੁਮਨ ਨੂੰ ਸਿਰਫ ਮੰਗੋਲਾਂ, ਰਈਸਾਂ (Aristocrat) ਦੁਆਰਾ ਹੀ ਕਮਾਂਡ ਕੀਤਾ ਜਾਂਦਾ ਸੀ। ਇਹਨਾਂ ਕਮਾਂਡਰਾਂ ਨੂੰ ਨੋਇਨਜ਼ (Noyens) ਅਤੇ ਬੱਗਤਰਜ਼ਾਂ (Boghaturs) ਕਿਹਾ ਜਾਂਦਾ ਸੀ। ਵੱਡੀਆਂ ਉਪਾਧੀਆਂ ਤੋਂ ਬਾਅਦ ਜੋ ਛੋਟੀਆਂ ਉਪਾਧੀਆਂ ਬਚਦੀਆਂ ਸਨ; ਉਹ ਵੀ ਰਈਸਾਂ ਦੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਸਨ। ਚੰਗੇਜ਼ ਖਾਂ ਦੇ ਛੋਟੇ ਪੁੱਤਰ ਤਲੋਈ (Tolui) ਵਿਚ ਬਹੁਤ ਜ਼ਿਆਦਾ ਫੌਜੀ ਗੁਣ ਸਨ ਅਤੇ ਉਹ ਆਪਣੇ ਪਿਤਾ ਦਾ ਸਰਵਉੱਚ ਫੌਜੀ ਸਲਾਹਕਾਰ ਸੀ। ਉਸ ਨੂੰ ਮਹਾਨ ਨੋਇਨ (Great Noyan) ਦਾ ਖਿਤਾਬ ਦਿੱਤਾ ਗਿਆ ਸੀ। ਹੇਠਲੇ ਯੂਨਿਟਾਂ ਦੀ ਜੋ ਕਮਾਂਡ ਕਰਦੇ ਸਨ ਉਨ੍ਹਾਂ ਨੂੰ ਜਿੱਤ ਦੌਰਾਨ ਲੁੱਟਿਆ ਮਾਲ ਰੱਖਣ ਦਾ ਅਧਿਕਾਰ ਹਾਸਲ ਸੀ। ਇਹਨਾਂ ਨੂੰ ਵੀ ਸੇਵਾਵਾਂ ਦੇ ਆਧਾਰ ਤੇ [ਨੋਇਨ] ਅਤੇ [ਬੱਗਤਰਜ਼] ਦੀ ਤਰੱਕੀ ਦੇ ਦਿੱਤੀ ਜਾਂਦੀ ਸੀ।

## 2.2 ਅਨੁਸ਼ਾਸਨ (Discipline)

ਮੰਗੋਲ ਸੈਨਾ ਵਿਚ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ ਕਿਸੇ ਵੀ ਪੱਧਰ ਤੇ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਂਦਾ ਸੀ। ਅਫਸਰਾਂ ਨੂੰ ਚੰਗੇਜ਼ ਖਾਂ ਵਲੋਂ ਪ੍ਰਾਪਤ ਹੋਇਆ ਕੋਈ ਵੀ ਆਦੇਸ਼ ਬਿਨਾਂ ਕਿਸੇ ਸੰਕੋਚ ਲਾਗੂ ਕਰਨਾ ਪੈਂਦਾ ਸੀ। ਦੁਸ਼ਮਣ ਦੇ ਇਲਾਕੇ ਵਿਚ ਲੁੱਟ ਉਸ ਵੇ ਲੇ ਸ਼ੁਰੂ ਕੀਤੀ ਜਾਂਦੀ ਸੀ ਜਦੋਂ ਚੰਗੇਜ਼ ਖਾਂ ਜਾਂ ਉਸਦਾ ਕੋਈ ਵੀ ਜਰਨੈਲ ਇਸਦੀ ਇਜ਼ਾਜ਼ਤ ਦਿੰਦਾ ਸੀ। ਜਦੋਂ ਇਹ ਲੁੱਟ ਸ਼ੁਰੂ ਹੋ ਜਾਂਦੀ ਸੀ ਤਾਂ ਕਮਾਂਡਰ ਅਤੇ ਸੈਨਿਕ ਦੇ ਹੱਕ ਬਰਾਬਰ ਦੇ ਹੁੰਦੇ ਸਨ। ਇਹ ਵੀ ਇਕ ਕਾਨੂੰਨ ਸੀ ਕਿ ਜੋ ਔਰਤਾਂ ਲੁੱਟ ਵੇਲੇ ਫੜੀਆਂ ਜਾਂਦੀਆਂ, ਉਸ ਵਿਚੋਂ ਜਵਾਨ ਅਤੇ ਸੁੰਦਰ ਔਰਤਾਂ ਚੰਗੇਜ਼ ਖਾਂ ਦੇ ਹਵਾਲੇ ਕਰ ਦਿੱਤੀਆਂ ਜਾਂਦੀਆਂ ਸਨ। ਲੁੱਟ ਤੋਂ ਬਾਅਦ ਲੁੱਟ ਦੇ ਮਾਲ ਨੂੰ ਵੰਡਣ ਦੇ ਲਈ ਜਰਨੈਲ ਖਾਸ ਪ੍ਰਬੰਧ ਕਰਦੇ ਸਨ।

ਸਟੈਪੀਜ਼ ਦੀਆਂ ਪੁਰਾਣੀਆਂ ਰੀਤਾਂ ਦੇ ਮੁਤਾਬਿਕ ਫੌਜ ਤਿੰਨ ਮੁੱਖ ਗਰੁੱਪਾਂ ਵਿਚ ਵੰਡੀ ਹੋਈ ਸੀ। ਮੱਧ ਭਾਗ ਵਿਚ ਜਿਸ ਵਿਚ ਕਿ ਗਾਰਡ ਹੁੰਦੇ ਸਨ, ਦੀ ਕਮਾਨ [ਨਿਆਂ] (Naya) ਦੇ ਆਦੇਸ਼ਾਂ ਦੇ ਅਧੀਨ ਹੁੰਦੀ ਸੀ। ਖੱਬਾ ਜਾਂ ਪੂਰਬੀ ਭਾਗ [ਮੁਕਾਲੀ] (Muqali) ਦੁਆਰਾ ਕਮਾਂਡ ਕੀਤਾ ਜਾਂਦਾ ਸੀ। ਸੱਜਾ ਜਾਂ ਪੱਛਮੀ ਭਾਗ [ਬੋਂਗੁਰਜੁ] (Bogorju) ਦੀ ਕਮਾਂਡ ਅਧੀਨ ਹੁੰਦਾ ਸੀ। ਜਿਹੜਾ ਅਫਸਰ ਫੌਜ ਨਾਲ ਸੰਬੰਧਤ ਸਾਰੇ ਕੰਮਾਂ ਦਾ ਇੰਚਾਰਜ ਹੁੰਦਾ ਸੀ ਉਸਨੂੰ [ਕਿਊਬੀਲਈ] (QubilIi) ਕਿਹਾ ਜਾਂਦਾ ਸੀ। ਅਸਲ ਵਿਚ [ਕਿਊਬੀ ਲਈ] ਦੇ ਸਾਰੇ ਕੰਮ ਕਮਾਂਡਰ-ਇਨ-ਚੀਫ ਵਾਲੇ ਹੀ ਸਨ।

## 3. ਮੰਗੋਲ ਘੋੜਸਵਾਰ ਅਤੇ ਲੜਾਈ ਦਾ ਤਰੀਕਾ (The Mongol Cavalryman and Method of WarfIre)

ਲੜਾਈ ਦੇ ਦੌਰਾਨ ਮੰਗੋਲ ਅਤੇ ਘੋੜ ਸਵਾਰ ਹੈਲਮਟ (Helmet) ਪਹਿਨਦੇ ਸਨ ਜਿਸਦਾ ਉਪਰਲਾ ਭਾਗ ਕਿਸੇ ਧਾਤ ਦਾ ਬਣਿਆ ਹੁੰਦਾ ਸੀ ਅਤੇ ਜਿਹੜਾ ਭਾਗ ਇਸਦਾ ਕੰਨਾਂ ਅਤੇ ਗਰਦਨ ਉਪਰ ਹੁੰਦਾ ਸੀ ਉਹ ਚਮੜੇ ਦਾ ਬਣਿਆ ਹੁੰਦਾ ਸੀ। ਮੰਗੋਲਾਂ ਦੇ ਕਵਚ ਚਮੜੇ ਦੀਆਂ ਪੱਟੀਆਂ ਦੇ ਬਣੇ ਹੁੰਦੇ ਸਨ ਜਿਸ ਦੀਆਂ ਕਈ ਤੈਹਾਂ ਹੁੰਦੀਆਂ ਸਨ। ਇਸ ਦਾ ਅਗਲਾ ਅਤੇ ਪਿਛਲਾ ਭਾਗ ਅਲੱਗ ਅਲੱਗ ਹੁੰਦੇ ਸਨ। ਇਸਦੇ ਦੋ ਪਲੇ ਟਾਂ ਮੋਢਿਆਂ ਤੇ ਬਾਂਹਾਂ ਅਤੇ ਲੱਤਾਂ ਦੇ ਬਚਾਅ ਲਈ ਟੁਕੜੇ ਲੱਗੇ ਹੁੰਦੇ ਸਨ।

### 3.1 ਹਥਿਆਰ

ਮੰਗੋਲ ਘੋੜ ਸਵਾਰ ਕਈ ਤਰ੍ਹਾਂ ਦੇ ਹਥਿਆਰ ਚੁੱਕਦੇ ਸਨ। ਦੋ ਕਮਾਨਾਂ, ਤਿੰਨ ਤੀਰਦਾਨ (ਵੱਖਰੀ-ਵੱਖਰੀ ਲੋੜ ਲਈ ਅਤੇ ਦੂਰ ਜਾਂ ਨੇੜੇ ਮਾਰ ਕਰਨ ਲਈ ਵੱਖਰੇ-ਵੱਖਰੇ ਤੀਰ ਵਰਤੇ ਜਾਂਦੇ ਸਨ) ਅਤੇ ਨੇਜੇ ਰਖਦੇ ਸਨ। ਕਮਾਂਡਰ ਕੋਲ ਤਲਵਾਰ ਵੀ ਹੁੰਦੀ ਸੀ ਜਿਸਦੀ ਇਕ ਪਾਸੇ ਧਾਰ ਹੁੰਦੀ ਸੀ। ਹਰੇ

ਕ ਸਵਾਰ ਕੋਲ ਕੁਹਾੜਾ, ਜਾਨਵਰ ਫੜਨ ਲਈ ਫੰਦਾ, ਇਕ ਕੇਤਲੀ, ਤੀਰ ਤਿੱਖੇ ਕਰਨ ਲਈ ਪੱਥਰ ਅਤੇ ਘੋੜੇ ਦੇ ਮਾਰਨ ਲਈ ਚਾਬੁਕ ਹੁੰਦਾ ਸੀ। ਇਸ ਤੋਂ ਬਿਨਾਂ ਘੋੜਿਆਂ ਤੇ ਚੜ੍ਹਨ ਲਈ ਰਕਾਬ ਵੀ ਹੁੰਦੀ ਸੀ। ਕੁਝ ਹੋਰ ਜ਼ਰੂਰੀ ਸਮਾਨ ਅਤੇ ਪਾਣੀ ਲਈ ਚਮੜੇ ਦੇ ਬੈਗ ਆਦਿ ਹੁੰਦੇ ਸਨ। ਐਮਰਜੈਂਸੀ ਰਾਸ਼ਨ ਲਈ ਹਰ ਵਿਅਕਤੀ ਕੋਲ *10* ਪੌਂਡ ਧੁੱਪ ਵਿਚ ਸੁਕਾਇਆ ਦੁੱਧ ਹੁੰਦਾ ਸੀ। ਜਦ ਐਮਰਜੈਂਸੀ ਰਾਸ਼ਨ ਖਤਮ ਹੋ ਜਾਂਦਾ ਸੀ ਅਤੇ ਹੋਰ ਕੋਈ ਚਾਰਾ ਵੀ ਨਹੀਂ ਰਹਿੰਦਾ ਸੀ ਤਾਂ ਮੰਗੋਲ ਆਪਣੇ ਘੋੜੇ ਦੀ ਗਰਦਨ ਦੀ ਨਾੜੀ ਕੱਟ ਕੇ ਉਥੋਂ ਖੂਨ ਚੂਸ ਲੈਂਦੇ ਸਨ ਅਤੇ ਜ਼ਖਮ ਬੰਦ ਕਰ ਦਿੰਦੇ ਸਨ।

ਮੰਗੋਲ ਬਚਪਨ ਤੋਂ ਹੀ ਘੋੜ ਸਵਾਰੀ ਅਤੇ ਤੀਰ ਅੰਦਾਜ਼ੀ ਸਿੱਖ ਲੈਂਦੇ ਸਨ। ਇਸ ਸਿਖਲਾਈ ਦਾ ਇਹ ਫਾਇਦਾ ਹੁੰਦਾ ਸੀ ਕਿ ਜਦੋਂ ਉਹ ਲੜਦੇ ਸਨ ਤਾਂ ਘੋੜੇ ਤੇ ਚੜ੍ਹੇ ਹੋਏ ਹੀ *200-400* ਮੀਟਰ ਤਕ ਬੜੀ ਕੁਸ਼ਲਤਾ ਨਾਲ ਮਾਰ ਕਰ ਲੈਂਦੇ ਸਨ। ਜੇ ਲੋੜ ਪੈਂਦੀ ਤਾਂ ਘੋੜਿਆਂ ਤੇ ਬੈਠੇ ਹੀ ਸੌਂ ਲੈਂਦੇ ਸਨ। ਹਰੇਕ ਆਦਮੀ ਕੋਲ ਇਕ ਘੋੜਾ ਰਿਜ਼ਰਵ ਹੁੰਦਾ ਸੀ ਪਰ ਕਈ ਵਾਰ ਇਕ ਤੋਂ ਵੀ ਜ਼ਿਆਦਾ ਘੋੜੇ ਰਿਜ਼ਰਵ ਰੱਖੇ ਜਾਂਦੇ ਸਨ। ਇਸੇ ਕਾਰਨ ਹੀ ਉਹਨਾਂ ਦੀ ਗਤੀ ਬੇਮਿਸਾਲ ਹੁੰਦੀ ਸੀ। ਘੋੜਿਆਂ ਨੂੰ ਆਂਸ਼ਿਕ ਤੌਰ ਤੇ ਕਵਰ ਵੀ ਪਹਿਨਾਏ ਹੁੰਦੇ ਸਨ ਤੇ ਘੋੜੇ ਵੀ ਖਰਾਬ ਮੌਸਮ ਅਤੇ ਖਰਾਬ ਭੂਗੋਲਿਕ ਹਾਲਤਾਂ ਵਿਚ ਰਹਿਣ ਦੇ ਆਦਿ ਹੁੰਦੇ ਸਨ। ਮੰਗੋਲਾਂ ਦੇ ਘੋੜੇ ਮਧਰੇ ਅਤੇ ਮੋਟੇ ਹੁੰਦੇ ਸਨ। ਇਨ੍ਹਾਂ ਦੀ ਗਰਦਨ ਮੋਟੀ ਅਤੇ ਚਮੜੀ ਵੀ ਮੋਟੀ ਹੁੰਦੀ ਸੀ। ਇਹ ਘੋੜੇ ਆਪਣੀ ਚੰਗੀ ਸਰੀਰਕ ਸ਼ਕਤੀ ਅਤੇ ਸੰਜਮ ਦੇ ਆਧਾਰ ਤੇ ਬਹੁਤ ਵਧੀਆ ਕੰਮ ਦਿੰਦੇ ਸਨ। ਇਨ੍ਹਾਂ ਛੋਟੇ ਘੋੜਿਆਂ ਨੇ ਮੰਗੋਲਾਂ ਦੀ ਕਾਮਯਾਬੀ ਵਿਚ ਖਰਾਬ ਭੂਗੋਲਿਕ ਹਾਲਤਾਂ ਅਤੇ ਸਖਤ ਪਹਾੜੀ ਧਰਾਤਲ ਦੇ ਬਾਵਜੂਦ ਵਾਧਾ ਕੀਤਾ। ਮੰਗੋਲਾਂ ਦੀ ਫੌਜੀ ਸ਼ਕਤੀ ਕੇਵਲ ਵਧੀਆ ਸੈਨਿਕ ਅਤੇ ਵਧੀਆ ਘੋੜੇ ਹੀ ਪ੍ਰਭਾਵਿਤ ਨਹੀਂ ਕਰਦੇ ਸਨ ਬਲਕਿ ਘੋੜਿਆਂ ਦੀ ਵੱਧ ਗਿਣਤੀ ਵੀ ਪ੍ਰਭਾਵਿਤ ਕਰਦੀ ਸੀ ਜੋ ਸਟੈਪੀ, (ਰੂਸ ਅਤੇ ਸਾਈਬੇਰੀਆ ਦੇ ਮੈਦਾਨ) ਵਿਚ ਭਾਰੀ ਮਾਤਰਾ ਵਿਚ ਮਿਲ ਜਾਂਦੇ ਸਨ। ਮੰਗੋਲ ਸੈਨਾ ਵਿਚ ਸਿਰਫ ਘੋੜ ਸਵਾਰ ਸੈਨਾ ਹੀ ਸੀ। ਬਾਅਦ ਵਿਚ ਚੰਗੇਜ਼ ਖਾਂ ਨੇ ਅਤੇ ਉਸਦੇ ਉੱਤਰਾਧਿਕਾਰੀਆਂ ਨੇ ਪੈਦਲ ਸੈਨਾ ਵੀ ਸ਼ਾਮਿਲ ਕਰ ਲਈ ਸੀ ਜੋ ਕਿ ਸਹਾਇਕ ਸੈਨਾ ਸੀ। ਇਹ ਮੰਗੋਲ ਨਹੀਂ ਸਨ, ਇਸ ਵਿਚ ਚੀਨੀ ਅਤੇ ਹੋਰ ਜਾਤੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਸੀ।

## 3.2 ਲੜਨ ਦੇ ਦਾਅ-ਪੇਚ (Strategy and tactics of fight) -

ਮੰਗੋਲਾਂ ਦੇ ਲੜਨ ਦੇ ਤਰੀਕੇ ਅਤੇ ਦਾਅ ਪੇਚ ਉਹ ਸਨ ਜੋ ਸਟੈਪੀ ਵਿਚ ਰਹਿਣ ਵਾਲੇ ਖਾਨਾ-ਬਦੋਸ਼ਾਂ ਦੇ ਪਿਛਲੀਆਂ ਕੁਝ ਸਦੀਆਂ ਵਿਚ ਸਨ। ਇਸ ਤਰੀਕੇ ਵਿਚ ਅਚਾਨਕ ਹੱਲਾ ਬੋਲ ਕੇ ਲੁੱਟਮਾਰ ਸ਼ੁਰੂ ਕੀਤੀ ਜਾਂਦੀ ਸੀ। ਸਭ ਤੋਂ ਪਹਿਲਾਂ ਸਰਹੱਦਾਂ ਨਾਲ ਲਗਦੇ ਇਲਾਕਿਆਂ ਵਿਚ ਹਮਲਾ ਕੀਤਾ ਜਾਂਦਾ ਸੀ ਅਤੇ ਫਿਰ ਵੱਡੀ ਪੱਧਰ ਤੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕੀਤਾ ਜਾਂਦਾ ਸੀ ਅਤੇ ਵਰਤੋਂ ਵਿਚ ਆਉਣ ਵਾਲੇ ਜਾਨਵਰ ਫੜ ਲਏ ਜਾਂਦੇ ਸਨ। ਮੰਗੋਲ ਦੁਸ਼ਮਣ ਨੂੰ ਭਾਰੀ ਸੈਨਾ ਦਾ ਪ੍ਰਭਾਵ ਦੇਣ ਦੇ ਲਈ ਅਗੇ ਵਾਲੀ ਸੈਨਾ ਨੂੰ ਵੱਡੇ ਖੇਤਰ ਵਿਚ ਲਾ ਕੇ ਮਾਰਚ ਕਰਦੇ ਸਨ। ਜਦੋਂ ਦੁਸ਼ਮਣ ਲੜਨ ਵਾਲੀ ਜਗ੍ਹਾ ਤੇ ਖੜਦਾ ਸੀ ਤਾਂ ਮੰਗੋਲ ਪਿਛੇ ਹੱਟ ਕੇ ਲੁਪਤ ਹੋ ਜਾਂਦੇ ਸਨ ਅਤੇ ਜਦੋਂ ਦੁਸ਼ਮਣ ਪਿਛੋਂ ਮੰਗੋਲਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਉਹ ਦੁਸ਼ਮਣ ਨੂੰ ਧੋਖਾ ਦੇ ਕੇ ਮਾੜੇ ਧਰਾਤਲ ਵਾਲੇ ਪਾਸੇ ਲੈ ਜਾਂਦੇ ਸਨ ਅਤੇ ਘੇਰਾ ਪਾ ਖਤਮ ਕਰ ਦਿੰਦੇ ਸਨ।

ਹਲਕੀ ਘੋੜ ਸਵਾਰ ਸੈਨਾ ਨੂੰ ਪਾਸੇ ਤੇ ਅਤੇ ਅੱਗੇ ਲਾਇਆ ਜਾਂਦਾ ਸੀ। ਇਸ ਦਾ ਕੰਮ ਦੁਸ਼ਮਣ ਨੂੰ ਤੀਰਾਂ ਦੀ ਵਰਤੋਂ ਕਰਕੇ ਮਾਰਨਾ ਸੀ। ਇਹ ਕੰਮ ਕੁਝ ਖਾਸ ਦੂਰੀ ਤਕ ਹੀ ਕੀਤਾ ਜਾ ਸਕਦਾ ਸੀ। ਹਰ ਇੱਕ ਗਰੁੱਪ ਤੇਜ਼ੀ ਨਾਲ ਤਿੰਨ ਜਾਂ ਚਾਰ ਤੀਰ ਛੱਡਦਾ ਸੀ ਅਤੇ ਉਹ ਇਕ ਪਾਸੇ ਹੋ ਜਾਂਦਾ ਸੀ ਅਤੇ ਉਸਦੀ ਜਗ੍ਹਾ ਨਵਾਂ ਗਰੁੱਪ ਆ ਜਾਂਦਾ ਸੀ। ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਹਿੰਦਾ ਸੀ। ਮੰਗੋਲ ਇਹ ਤਰੀਕਾ ਲੜਾਈ ਵਿਚ ਪਿਛੇ ਹੱਟਦੇ ਵੀ ਵਰਤਦੇ ਸਨ। ਜੇ ਲੋੜ ਹੁੰਦੀ ਸੀ ਤਾਂ ਉਹ ਕਈ ਦਿਨ ਪਿਛੇ ਹੱਟ ਸਕਦੇ ਸਨ। ਹਮਲਾ ਕਰਨ ਦਾ ਸਮਾਂ ਵੱਧ ਤੋਂ ਵੱਧ ਗੁਪਤ ਰੱਖਿਆ ਜਾਂਦਾ ਸੀ। ਸੈਨਿਕ ਲੜਾਈ ਦੌਰਾਨ ਇਸ਼ਾਰਿਆਂ ਦੀ ਪੂਰੀ ਪਾਲਣਾ ਕਰਦੇ ਸਨ ਅਤੇ ਭਿਆਨਕ ਚੁੱਪ ਸਾਧਦੇ ਹੋਏ ਵਧਦੇ ਜਾਂਦੇ ਸਨ।

ਜਦੋਂ ਕਦੇ ਦੁਸ਼ਮਣ ਅਜੀਬ ਸਥਿਤੀ ਵਿਚ ਫਸ ਜਾਂਦਾ ਸੀ ਤਾਂ ਵਿਚਕਾਰਲੀ ਭਾਰੀ ਘੋੜ ਸਵਾਰ ਸੈਨਾ ਹਮਲਾ ਕਰ ਦਿੰਦੀ ਸੀ ਅਤੇ ਕਿਰਪਾਨਾਂ ਅਤੇ ਨੇਜੇ

ਆਂ ਨਾਲ ਲੜਾਈ ਹੁੰਦੀ ਸੀ । ਮੰਗੋਲਾਂ ਦੀ ਸਰੀਰਕ ਸ਼ਕਤੀ ਅਤੇ ਘੋੜਿਆਂ ਦੀ ਗਿਣਤੀ ਵੀ ਦੁਸ਼ਮਣ ਵਿਚ ਡਰ ਪੈਦਾ ਕਰ ਦਿੰਦੀ ਸੀ ਅਤੇ ਮੰਗੋਲ ਇਸ ਡਰ ਦਾ ਪੂਰਾ ਫਾਇਦਾ ਉਠਾਉਂਦੇ ਸਨ । ਅਜਿਹੇ ਵੇਲੇ ਭਾਰੀ ਘੋੜ ਸਵਾਰ ਸੈਨਾ ਉਚੀਆਂ ਆਵਾਜ਼ਾਂ ਵਿਚ ਚੀਖਦੇ ਹੋਏ ਦੁਸ਼ਮਣ ਤੇ ਹਮਲਾ ਕਰ ਦਿੰਦੀ ਸੀ । ਮੰਗੋਲ ਆਮ ਤੌਰ ਤੇ ਹੱਥੋ-ਹੱਥੀ ਦੀ ਲੜਾਈ ਤੋਂ ਬਚਦੇ ਸਨ ।

## 3.3 ਯੁੱਧ-ਨੀਤੀ (War Policy) -

ਮੰਗੋਲ ਦੁਸ਼ਮਣ ਨੂੰ ਆਪਣੀ ਗਿਣਤੀ ਵੱਧ ਦਿਖਾਉਣ ਦੇ ਲਈ ਰਿਜ਼ਰਵ ਘੋੜਿਆਂ ਉਪਰ ਪੁਤਲੇ ਬਣਾ ਕੇ ਰੱਖ ਦਿੰਦੇ ਸਨ । ਘੇਰਿਆਂ ਦੌਰਾਨ ਦੁਸ਼ਮਣ ਦਾ ਹੌਸਲਾ ਤੋੜਨ ਲਈ ਇਹ ਬੜੇ ਕਾਰਗਰ ਸਿੱਧ ਹੁੰਦੇ ਸਨ । ਇਸ ਤੋਂ ਬਿਨਾਂ ਮੰਗੋਲ ਦੁਸ਼ਮਣ ਦਾ ਹੌਸਲਾ ਤੋੜਨ ਦੇ ਲਈ ਆਪਣੀ ਗਿਣਤੀ ਦੇ ਬਾਰੇ ਵਧਾ-ਚੜ੍ਹਾ ਕੇ ਅਫਵਾਹ ਫੈਲਾਉਂਦੇ ਸਨ । ਸੈਨਾ ਦੀ ਗਿਣਤੀ ਨੂੰ ਵੱਧ ਦਿਖਾਉਣ ਦੇ ਲਈ ਮਾਰਚ ਕਰਦੀ ਸੈਨਾ ਵਿਚ ਜੰਗੀ ਕੈਦੀਆਂ ਨੂੰ ਮਿਲਾ ਕੇ ਚੱਲਿਆ ਜਾਂਦਾ ਸੀ । ਰਾਤ ਦੇ ਸਮੇਂ ਇਕ ਆਦਮੀ ਤਿੰਨ ਤੋਂ ਪੰਜ ਮਸ਼ਾਲਾਂ ਚੁੱਕਦਾ ਸੀ ਇਸ ਨਾਲ ਵੀ ਮੰਗੋਲ ਦੁਸ਼ਮਣ ਨੂੰ ਭੁਲੇਖੇ ਵਿਚ ਰੱਖਦੇ ਸਨ ਕਿ ਉਨ੍ਹਾਂ ਦੀ ਅਸਲ ਗਿਣਤੀ ਕੀ ਹੈ ।

ਆਪਣੀਆਂ ਲੜਾਈਆਂ ਦੌਰਾਨ ਮੰਗੋਲ ਸਭ ਤੋਂ ਪਹਿਲਾਂ ਉਸ ਇਲਾਕੇ ਉਪਰ ਹਮਲਾ ਕਰਦੇ ਸਨ ਜਿਹੜਾ ਇਲਾਕਾ ਸੁਰੱਖਿਆ ਪੱਖੋਂ ਸਭ ਤੋਂ ਕਮਜ਼ੋਰ ਹੁੰਦਾ ਸੀ ਅਤੇ ਉਸ ਇਲਾਕੇ ਦੀ ਧਨ-ਦੌਲਤ ਨੂੰ ਲੁੱਟ ਕੇ ਉਥੋਂ ਦੇ ਲੋਕਾਂ ਨੂੰ ਕੈਦੀ ਬਣਾ ਲਿਆ ਜਾਂਦਾ ਸੀ । ਅਜਿਹੇ ਅਸੁਰੱਖਿਅਤ ਇਲਾਕਿਆਂ ਨੂੰ ਜਿੱਤਣ ਤੋਂ ਬਾਅਦ ਮੰਗੋਲ ਕਿਲਾਬੰਦੀ ਵਾਲੇ ਸ਼ਹਿਰਾਂ ਵੱਲ ਵਧਦੇ ਸਨ ।

ਮੰਗੋਲਾਂ ਨੇ ਘੇਰੇ ਦੌਰਾਨ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ, ਗੁਲੇਲਾਂ ਅਤੇ ਹੋਰ ਕਿਲ੍ਹਾ ਤੋੜ ਸੰਦਾਂ ਦੀ ਵਰਤੋਂ ਚੀਨੀਆਂ ਕੋਲੋਂ ਸਿੱਖੀ । ਉਸ ਤੋਂ ਬਾਅਦ ਮੁਸਲਮਾਨਾਂ ਤੋਂ ਹੋਰ ਘੇਰੇ ਦੌਰਾਨ ਵਰਤੇ ਜਾਣ ਵਾਲੇ ਸਾਜ਼ੋ-ਸਮਾਨ ਨੂੰ ਅਪਣਾਇਆ । ਘੇਰੇ ਆਦਿ ਦੇ ਟੁੱਟਣ ਤੋਂ ਬਾਅਦ ਉਹ ਸ਼ਹਿਰੀਆਂ ਨਾਲ ਬੜੇ ਜ਼ਾਲਮਾਨਾ ਢੰਗ ਨਾਲ ਪੇਸ਼ ਆਉਂਦੇ ਸਨ । ਕਾਰੀਗਰਾਂ ਨੂੰ ਅਲੱਗ ਕੱਢ ਕੇ ਬਾਕੀ ਦੇ ਲੋਕਾਂ ਨੂੰ ਮਾਰ ਦਿੱਤਾ ਜਾਂਦਾ ਸੀ । ਜਵਾਨਾਂ ਨੂੰ ਕੈਦੀਆਂ ਦੇ ਤੌਰ ਤੇ ਫੌਜ ਦੇ ਨਾਲ ਲਿਜਾਇਆ ਜਾਂਦਾ ਸੀ । ਜੇ ਨਾਲ ਲਿਜਾਏ ਜਾਣ ਵਾਲੇ ਕੈਦੀਆਂ ਦੀ ਗਿਣਤੀ ਵੱਧ ਜਾਂਦੀ ਸੀ ਤਾਂ ਕੈਦੀਆਂ ਨੂੰ ਮਾਰ ਦਿੱਤਾ ਜਾਂਦਾ ਸੀ । ਮੰਗੋਲ ਆਪਣੇ ਦੁਸ਼ਮਣਾਂ ਦਾ ਵੱਡੀ ਪੱਧਰ ਤੇ ਕਤਲ ਇਸ ਲਈ ਕਰਦੇ ਸਨ ਤਾਂ ਕਿ ਜਿਸ ਇਲਾਕੇ ਵਿਚ ਕਾਰਵਾਈ ਕੀਤੀ ਜਾ ਚੁੱਕੀ ਹੈ ਉਥੋਂ ਪਿਛੋਂ ਦੁਬਾਰਾ ਖਤਰੇ ਦੀ ਸੰਭਾਵਨਾ ਨਾ ਰਹੇ ।

ਮੰਗੋਲ ਜਦੋਂ ਨਦੀ ਪਾਰ ਕਰਦੇ ਸਨ ਤਾਂ ਉਹ ਆਪਣੇ ਕਪੜੇ ਤੇ ਹੋਰ ਸਮਾਨ ਇਕ ਚਮੜੇ ਦੇ ਥੈਲੇ ਵਿਚ ਪਾ ਕੇ ਮੂੰਹ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਜਾਂਦਾ ਸੀ । ਇਸ ਦੇ ਉਪਰ ਕਾਠੀ ਰੱਖ ਕੇ ਸਵਾਰ ਇਸਦੇ ਉਪਰ ਬੈਠ ਜਾਂਦਾ ਸੀ । ਘੋੜਿਆਂ ਨੂੰ ਪਾਣੀ ਵਿਚ ਵਾੜ ਕੇ ਉਨ੍ਹਾਂ ਅੱਗੇ ਰਸਤਾ ਦਿਖਾਣ ਲਈ ਦੋ ਤੈਰਾਕ ਲਗ ਜਾਂਦੇ ਸਨ । ਥੈਲਿਆਂ ਉਪਰ ਬੈਠੇ ਸਵਾਰ ਪਾਰ ਜਾਣ ਦੇ ਲਈ ਜਾਂ ਤਾਂ ਘੋੜੇ ਦੀ ਪੂੰਛ ਫੜ ਲੈਂਦੇ ਸਨ ਜਾਂ ਫਿਰ ਇਕ ਜਾਂ ਦੋ ਚੱਪੂਆਂ ਦੀ ਮਦਦ ਲੈਂਦੇ ਸਨ ।

ਮੰਗੋਲ ਫੌਜ ਦੀ ਸਪੀਡ ਉਨ੍ਹਾਂ ਦਿਨਾਂ ਵਿਚ ਹੈਰਾਨੀਜਨਕ ਸੀ । ਮੰਗੋਲ ਸੈਨਾ 15 ਦਿਨਾਂ ਵਿਚ 700 ਕਿਲੋਮੀਟਰ ਮਾਰਚ ਕਰ ਸਕਦੀ ਸੀ ਪਰ ਜੇ ਹੋਰ ਜ਼ਰੂਰਤ ਹੁੰਦੀ ਸੀ ਤਾਂ ਤਿੰਨ ਦਿਨਾਂ ਵਿਚ 300 ਕਿਲੋਮੀਟਰ ਵੀ ਮਾਰਚ ਕਰ ਸਕਦੀ ਸੀ । ਐਮਰਜੈਂਸੀ ਵਿਚ ਮੰਗੋਲ 10 ਦਿਨ ਬਿਨਾਂ ਖਾਣਾ ਪਕਾਏ ਮਾਰਚ ਕਰ ਸਕਦੇ ਸਨ ।

ਕਿਸੇ ਵੀ ਮੁਹਿੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਚੰਗੇਜ਼ ਖਾਂ ਵਿਰੋਧੀ ਦੇਸ਼ ਦੀ ਰਾਜਨੀਤਿਕ ਅਤੇ ਮਿਲਟਰੀ ਹਾਲਤ ਬਾਰੇ ਪੂਰੀ ਜਾਣਕਾਰੀ ਇਕੱਠੀ ਕਰਦਾ ਸੀ । ਅਸੀਂ ਇਸ ਗੱਲ ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿ ਮੰਗੋਲਾ ਦੀ ਦਿਸ਼ਾ ਜਾਣਕਾਰੀ ਅਤੇ ਅਨੁਭਵ ਸ਼ਕਤੀ ਕਾਫੀ ਸੀ, ਉਹ ਵੱਡੇ ਵੱਡੇ ਫਾਸਲੇ ਬਿਨਾਂ ਨਕਸ਼ਿਆਂ ਤੋਂ ਤੈਅ ਕਰ ਸਕਦੇ ਸਨ । ਇਸ ਕੰਮ ਲਈ ਖਾਸ ਅਫਸਰ ਲਾਏ ਗਏ ਸਨ ਜੋ ਕਿ ਫੌਜੀ ਰਸਤਿਆਂ ਬਾਰੇ ਅਤੇ ਫੌਜ ਦੇ ਕੈਂਪਾਂ ਬਾਰੇ ਪਹਿਲਾਂ ਹੀ ਪਤਾ ਲਗਾ ਕੇ ਰੱਖਦੇ ਸਨ । ਇਸ ਵੱਡੀ ਘੋੜ ਸਵਾਰ ਸੈਨਾ ਲਈ ਥੋੜ੍ਹੇ ਸਮੇਂ ਦੇ ਨੋਟਿਸ ਤੇ ਚਲਣ ਲਈ ਵੱਡੀ

ਯੋਜਨਾਬੰਦੀ ਦੀ ਲੋੜ ਸੀ ।

ਜਦੋਂ ਮੰਗੋਲ ਫੌਜ ਇਕ ਕੰਮ ਲਈ ਜੁਟ ਜਾਂਦੀ ਸੀ ਤਾਂ ਉਹ ਆਪਣੇ ਪਹਿਲਾਂ ਬਣਾਏ ਟਾਈਮ ਟੇਬਲ ਅਨੁਸਾਰ ਜੁੱਟੀ ਰਹਿੰਦੀ ਸੀ । ਲੜਾਈ ਤੇ ਕਾਬੂ ਇਸ਼ਾਰਿਆਂ ਰਾਹੀਂ ਕੀਤਾ ਜਾਂਦਾ ਸੀ ਜਿਹੜੇ ਕਿ ਝੰਡਿਆਂ ਅਤੇ ਬਿਗਲਾਂ ਆਦਿ ਨਾਲ ਦਿੱਤੇ ਜਾਂਦੇ ਸਨ । ਫੌਜ ਦੀ ਆਮਦਨ ਦਾ ਮੁੱਖ ਸੋਮਾ ਫੌਜੀ ਕਾਰਵਾਈਆਂ ਦੌਰਾਨ ਜਿੱਤਿਆ ਸਮਾਨ ਹੁੰਦਾ ਸੀ ।

### 3.4 ਯਾਸਾ

ਮੰਗੋਲ ਸ਼ਿਕਾਰ ਵੀ ਅਨੁਸ਼ਾਸਨ ਨਾਲ ਖੇਡਿਆ ਜਾਂਦਾ ਸੀ, ਇਸ ਲਈ ਚੰਗੇਜ਼ ਖਾਂ ਨੇ [ਯਾਸਾ] (YASA) ਵਿਚ ਵੀ ਨਿਯਮ ਬਣਾਏ ਸਨ । ਜਾਨਵਰਾਂ ਦਾ ਸ਼ਿਕਾਰ ਆਮ ਤੌਰ ਤੇ ਇਕ ਤੋਂ ਤਿੰਨ ਮਹੀਨੇ ਤਕ ਚਲਦਾ ਰਹਿੰਦਾ ਸੀ । ਇਸ ਨਾਲ ਸੈਨਿਕ ਅਨੁਸ਼ਾਸਨ, ਹਥਿਆਰਾਂ ਦੀ ਵਰਤੋਂ ਅਤੇ ਲੜਾਈ ਵਿਚ ਆਉਣ ਵਾਲੀਆਂ ਮੁਸ਼ਕਲਾਂ ਦੀ ਅਗਾਊਂ ਜਾਣਕਾਰੀ ਮਿਲ ਜਾਂਦੀ ਸੀ । ਜੇ ਉਹ ਸ਼ਿਕਾਰ ਦੌਰਾਨ ਨਿਯਮਾਂ ਦੀ ਉਲੰਘਣਾ ਕਰਦੇ ਸਨ ਤਾਂ ਉਨ੍ਹਾਂ ਨੂੰ ਮੌਤ ਤੱਕ ਦੀ ਸਜ਼ਾ ਵੀ ਦੇ ਦਿੱਤੀ ਜਾਂਦੀ ਸੀ । ਸ਼ਿਕਾਰ ਦੀ ਦੇਖ-ਰੇਖ ਲਈ ਚੰਗੇਜ਼ ਖਾਂ ਨੇ ਆਪਣੇ ਸਭ ਤੋਂ ਵੱਡੇ ਪੁੱਤਰ ਜੋਚੀ ਦੀ ਜੁੰਮੇਵਾਰੀ ਲਾਈ ਹੋਈ ਸੀ ।

### 3.5 ਗਾਰਡ (Guards)

ਚੰਗੇਜ਼ ਖਾਂ ਦੀ ਫੌਜ ਵਿਚ ਘੋੜ ਸਵਾਰ ਸੈਨਾ ਤੋਂ ਬਿਨਾਂ ਇਕ ਹੋਰ ਮਹੱਤਵਪੂਰਨ ਭਾਗ ਗਾਰਡ ਸੀ । 1203 ਦੀ [ਕੈਰੀਟ] (Kerit) ਦੀ ਜੰਗ ਤੋਂ ਬਾਅਦ, ਜਿਸ ਨਾਲ ਉਹ ਪੂਰਬੀ ਮੰਗੋਲੀਆ ਦਾ ਸ਼ਕਤੀਸ਼ਾਲੀ ਸ਼ਾਸਕ ਬਣ ਗਿਆ ਸੀ ਤੇ ਬਾਅਦ ਵਿਚ ਗਾਰਡ ਦੀ ਕਾਰਜਕਾਰੀ ਨੇ ਉਸ ਦੇ ਕੰਮ ਨੂੰ ਕਾਫੀ ਪ੍ਰਭਾਵਿਤ ਕੀਤਾ । ਗਾਰਡ ਦਾ ਸੰਗਠਨ ਬਹੁਤ ਹੀ ਜਟਿਲ ਸੀ । ਇਸ ਵਿਚ 70 ਅੰਗਰਖਿਅਕ ਦਿਨ ਦੀ ਅਤੇ 80 ਅੰਗਰਖਿਅਤ ਰਾਤ ਦੀ ਡਿਊਟੀ ਉਪਰ ਰਹਿੰਦੇ ਸਨ । ਗਾਰਡ ਵਿਚ ਤੀਰ ਅੰਦਾਜ਼, ਨੌਕਰ ਚਾਕਰ, ਚੰਗੇਜ਼ ਖਾਂ ਦੇ ਸੰਤਰੀ ਅਤੇ ਸੁਨੇਹਾ ਆਦਿ ਦੇਣ ਵਾਲੇ ਸ਼ਾਮਲ ਸਨ । 6 ਵਿਅਕਤੀ ਚੰਗੇਜ਼ ਖਾਂ ਦਾ ਘਰ ਦਾ ਕੰਮ ਕਰਨ ਲਈ ਜਾਂਦੇ ਸਨ ਜਿਨ੍ਹਾਂ ਨੂੰ [ਚਾਰਬੀ] (Charbi) ਕਿਹਾ ਜਾਂਦਾ ਸੀ । ਲੜਾਈ ਦੇ ਦਿਨਾਂ ਵਿਚ ਚੰਗੇਜ਼ ਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਲਈ 1000 ਸੈਨਿਕਾਂ ਦੀ ਖਾਸ ਡਿਊਟੀ ਲਾਈ ਜਾਂਦੀ ਸੀ । 1206 ਤੋਂ ਬਾਅਦ ਗਾਰਡ ਦਾ ਪੁਨਰ ਸੰਗਠਨ ਕੀਤਾ ਗਿਆ । ਸਾਰੇ ਗਰੁੱਪਾਂ ਦੀ ਗਿਣਤੀ ਵਧਾਈ ਗਈ । ਰਾਤ ਨੂੰ ਪਹਿਰਾ ਦੇਣ ਵਾਲੇ ਸੈਨਿਕਾਂ ਦੀ ਗਿਣਤੀ 800 ਤੱਕ ਕਰ ਦਿੱਤੀ ਗਈ ਅਤੇ ਬਾਅਦ ਵਿਚ 1000 ਤੱਕ ਵਧਾ ਦਿੱਤੀ ਗਈ । ਤੀਰ ਅੰਦਾਜ਼ ਪਹਿਲਾਂ 400 ਸਨ ਅਤੇ ਬਾਅਦ ਵਿਚ 1000 ਕਰ ਦਿੱਤੇ ਗਏ । 1000 ਸੈਨਿਕ ਜਿਹੜੇ ਕਿ ਖਾਸ ਤੌਰ ਤੇ ਚੰਗੇਜ਼ ਖਾਂ ਦੀ ਸੁਰੱਖਿਆ ਲਈ ਲਾਏ ਜਾਂਦੇ ਸਨ ਬਾਅਦ ਵਿਚ ਉਨ੍ਹਾਂ ਦੀ ਗਿਣਤੀ 6000 ਤੱਕ ਕਰ ਦਿੱਤੀ ਗਈ । ਇਸ ਤਰ੍ਹਾਂ ਕੁਲ ਮਿਲਾ ਕੇ ਗਾਰਡਾਂ ਦੀ ਗਿਣਤੀ 10000 ਹੋ ਗਈ । ਲੜਾਈ ਦੇ ਦੌਰਾਨ ਗਾਰਡ ਨੂੰ ਕਦੋਂ ਲਾਉਣਾ ਹੈ ਅਤੇ ਕਿਥੇ ਲਾਉਣਾ ਹੈ, ਇਸ ਦਾ ਫੈਸਲਾ ਸਿਰਫ ਚੰਗੇਜ਼ ਖਾਂ ਕਰਦਾ ਸੀ । ਚੰਗੇਜ਼ ਖਾਂ ਨੂੰ ਖਾਨਾਬਦੋਸ਼ਾਂ ਦੇ ਖਤਰਿਆਂ ਅਤੇ ਅਚਾਨਕ ਆ ਜਾਣ ਵਾਲੇ ਮੋੜਾਂ ਬਾਰੇ ਪੂਰੀ ਜਾਣਕਾਰੀ ਸੀ । ਪੂਰੀ ਸੁਰੱਖਿਆ ਦੇ ਕਮਾਂਡਰ ਨੂੰ [ਚਾਗਨ] ਕਿਹਾ ਜਾਂਦਾ ਸੀ । ਅੰਗਰਖਿਅਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਸੀ ਅਤੇ ਤਿੰਨ ਦਿਨ ਡਿਊਟੀਆਂ ਕਰਦੇ ਸਨ । ਜਿਨ੍ਹਾਂ ਦੀ ਡਿਊਟੀ ਨਹੀਂ ਹੁੰਦੀ ਸੀ ਉਹ ਵੀ ਚੰਗੇਜ਼ ਖਾਂ ਦੇ ਨੇੜੇ ਰਹਿੰਦੇ ਸਨ । ਸੁਰੱਖਿਆ ਪ੍ਰਬੰਧ ਇਥੋਂ ਤਕ ਸਖਤ ਸਨ ਕਿ ਰਾਤ ਸਮੇਂ ਕੋਈ ਵੀ ਅੰਗਰਖਿਅਕ ਨਾਲ ਲਏ ਬਿਨਾਂ ਗੁਆਂਢੀ ਨਾਲ ਵੀ ਸੰਪਰਕ ਨਹੀਂ ਕਰ ਸਕਦਾ ਸੀ । ਜੇ ਕੋਈ ਇਸ ਆਦੇਸ਼ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ । ਗਾਰਡ ਨੂੰ ਵਿਸ਼ੇਸ਼ ਅਧਿਕਾਰ ਅਤੇ ਇੱਜ਼ਤ ਮਿਲਦੀ ਸੀ । ਕਈ ਵਾਰੀ ਇਨ੍ਹਾਂ ਨੂੰ ਆਪਣੇ ਤੋਂ ਵੱਡੇ ਦੇ ਅਫਸਰਾਂ ਤੋਂ ਵੀ ਵੱਧ ਤਰਜੀਹ ਦਿੱਤੀ ਜਾਂਦੀ ਸੀ ।

### 3.6 ਚੰਗੇਜ਼ ਖਾਂ ਦੀ ਸੈਨਾ ਦੀ ਗਿਣਤੀ (The Strength of Changez Khan's Army)

ਚੰਗੇਜ਼ ਖਾਂ ਦੀ ਸੈਨਾ ਦੀ ਗਿਣਤੀ ਬਾਰੇ ਅੰਦਾਜ਼ਾ ਲਾਉਣਾ ਕਾਫੀ ਕਠਿਨ ਹੈ । ਚੰਗੇਜ਼ ਖਾਂ ਸਮੇਂ ਸੈਨਾ ਵਿਚ ਮੰਗੋਲ ਅਤੇ ਤੁਰਕ ਯੋਧੇ ਸਨ ।

ਇਹ ਗੱਲ ਵੀ ਸਾਫ ਨਹੀਂ ਹੈ ਕਿ ਤੁਰਕ ਯੋਧਿਆਂ ਦੀ ਗਿਣਤੀ ਜ਼ਿਆਦਾ ਸੀ ਜਾਂ ਮੰਗੋਲਾਂ ਦੀ। ਮੰਗੋਲ ਸੈਨਾ ਅੱਗੇ ਵੱਧਦੇ ਹੋਏ ਜਿਨ੍ਹਾਂ ਕਬੀਲਿਆਂ ਨੂੰ ਜਿੱਤਦੀ ਸੀ ਉਨ੍ਹਾਂ ਵਿਚੋਂ ਜਿਹਨਾਂ ਕੋਲ ਕੋਈ ਯੋਗਤਾ ਜਾਂ ਕੁਸ਼ਲਤਾ ਹੁੰਦੀ ਉਹ ਉਹਨਾਂ ਨੂੰ ਵੀ ਨਾਲ ਮਿਲਾ ਲੈਂਦੇ ਸਨ। ਤੁਰਕੀ ਮੂਲ ਦੇ ਖਾਨਾਬਦੋਸ਼ ਅਤੇ ਅਰਧ-ਖਾਨਾਬਦੋਸ਼ਾਂ ਨੂੰ ਆਮ ਤੌਰ ਤੇ ਭਰਤੀ ਕੀਤਾ ਜਾਂਦਾ ਸੀ ਇਨ੍ਹਾਂ ਵਿਚੋਂ ਕੁਝ ਸਵੈ-ਇੱਛਾ ਦੇ ਆਧਾਰ ਤੇ ਭਰਤੀ ਹੁੰਦੇ ਸਨ ਅਤੇ ਕੁਝ ਲੁੱਟ ਦਾ ਮਾਲ ਇਕੱਠਾ ਕਰਨ ਲਈ। ਸੈਨਾ ਦੀ ਭਰਤੀ ਦਾ ਇਹ ਤਰੀਕਾ ਵੀ ਸਹੀ ਗਿਣਤੀ ਪਤਾ ਨਹੀਂ ਲੱਗਣ ਦਿੰਦਾ। ਇਹ ਵੀ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਮੰਗੋਲ ਮੁਹਿੰਮ ਸ਼ੁਰੂ ਕਰਨ ਵੇਲੇ ਘੱਟ ਯੂਨਿਟਾਂ ਲਾਉਂਦੇ ਸਨ ਪਰ ਬਾਅਦ ਵਿਚ ਸੈਨਾ ਦੀ ਗਿਣਤੀ ਕਾਫੀ ਜ਼ਿਆਦਾ ਵਧਾ ਲਈ ਜਾਂਦੀ ਸੀ। ਪਰ ਫਿਰ ਵੀ ਪੂਰੀ ਸਹੀ ਗਿਣਤੀ ਦਾ ਪਤਾ ਨਹੀਂ ਲਗਦਾ। ਨਵੇਂ ਭਰਤੀ ਕੀਤੇ ਸੈਨਿਕਾਂ ਨੂੰ ਅਤੇ ਸ਼ੱਕ ਵਾਲੇ ਸੈਨਿਕਾਂ ਨੂੰ ਉਨ੍ਹਾਂ ਦੇ ਕੁਲ ਮੁੱਖੀਆ ਅਧੀਨ ਹੀ ਰਹਿਣ ਦਿੱਤਾ ਜਾਂਦਾ ਸੀ।

ਸਹਾਇਕ ਸੈਨਾ ਬਹੁਤ ਕੌਮੀਅਤਾਂ ਵਿਚੋਂ ਹੁੰਦੀ ਸੀ। ਕਮਾਂਡਰ ਸਿਰਫ ਮੰਗੋਲ ਹੀ ਬਣਾਏ ਜਾਂਦੇ ਸਨ ਜਿਨ੍ਹਾਂ ਨੂੰ [ਟਾਮਾ] (Tama) ਕਿਹਾ ਜਾਂਦਾ ਸੀ। ਅੰਦਾਜ਼ੇ ਦੇ ਨਾਲ *1227* ਵਿਚ ਮੰਗੋਲੀਆ ਦੀ ਆਬਾਦੀ ਚਾਰ-ਪੰਜ ਲੱਖ ਸੀ। ਸਹਾਇਕ ਸੈਨਾ ਅਤੇ ਹੋਰ ਜਿੱਤੇ ਹੋਏ ਦੇਸ਼ਾਂ ਦੀ ਸੈਨਾ ਨੂੰ ਮਿਲਾਕੇ ਗਿਣਤੀ *70-80* ਹਜ਼ਾਰ ਸੀ। ਸਹਾਇਕ ਸੈਨਾ ਅਤੇ ਜਿੱਤੇ ਦੇਸ਼ਾਂ ਦੀ ਸੈਨਾ ਨੂੰ ਮਿਲਾਕੇ ਇਹ ਗਿਣਤੀ *1* ਲੱਖ *25* ਹਜ਼ਾਰ ਬਣਦੀ ਸੀ। ਇਸ ਦੇ ਵਿਚ *100000* ਗਾਰਡ ਵੀ ਸ਼ਾਮਲ ਸਨ।

## 4. ਤੈਮੂਰ (Taimur) :

ਤੈਮੂਰ : ਚੰਗੇਜ਼ ਖਾਂ ਤੋਂ ਦੋ ਸੋ ਸਾਲ ਮਗਰੋਂ ਏਸ਼ੀਆ ਦੇ ਵਿਜੇਤਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਮੁਗਲ ਸਾਮਰਾਜ ਦਾ ਬਾਣੀ ਬਾਬਰ ਤੈਮੂਰ ਦੀ ਪੀੜੀ ਵਿਚੋਂ ਹੀ ਸੀ। ਤੈਮੂਰ ਵੀ ਚੰਗੇਜ਼ ਖਾਂ ਵਾਂਗ ਨਿਰਦਈ ਤੇ ਜ਼ਾਲਮ ਸੀ। ਤੈਮੂਰ ਦਾ ਜਨਮ *1336* ਵਿਚ ਸਮਰਕੰਦ ਦੇ ਨੇੜੇ ਇਕ ਪਿੰਡ ਕੇਸ ਵਿਖੇ ਹੋਇਆ। ਉਸਦੇ ਪਿਤਾ ਇਕ ਤੁਰਕ ਸਰਦਾਰ ਸੀ। *1369* ਵਿਚ *33* ਸਾਲ ਦੀ ਉਮਰ ਵਿਚ ਤੈਮੂਰ ਤਖਤ ਦਾ ਮਾਲਕ ਬਣਿਆ ਅਤੇ ਉਸ ਨੇ ਸਮਰਕੰਦ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਦੇ ਪਿੱਛੋਂ ਉਸ ਨੇ ਈਰਾਨ, ਤੁਰਕਿਸਤਾਨ ਆਦਿ ਕਈ ਰਾਜਾਂ ਨੂੰ ਜਿੱਤਿਆ। ਤੈਮੂਰ ਨੇ *1398* ਵਿਚ ਭਾਰਤ ਉਤੇ ਹਮਲਾ ਕਰ ਦਿੱਤਾ। ਉਸ ਸਮੇਂ ਉਸ ਦੀ ਉਮਰ *62* ਸਾਲ ਦੀ ਸੀ।

ਤੈਮੂਰ ਬਹੁਤ ਬਹਾਦਰ ਸੀ। ਉਹ ਵੀ ਸਿਕੰਦਰ ਦੀ ਤਰ੍ਹਾਂ ਸੰਸਾਰ ਨੂੰ ਫਤਿਹ ਕਰਕੇ ਆਪਣਾ ਨਾਂ ਸਿਕੰਦਰ ਦੀ ਤਰ੍ਹਾਂ ਪ੍ਰਸਿੱਧ ਕਰਨਾ ਚਾਹੁੰਦਾ ਸੀ। ਤਾਂ ਹੀ ਉਹ ਈਰਾਨ, ਤੁਰਕਿਸਤਾਨ ਅਤੇ ਅਫਗਾਨਿਸਤਾਨ ਨੂੰ ਜਿੱਤਦਾ ਹੋਇਆ ਭਾਰਤ ਤੱਕ ਅੱਗੇ ਵਧ ਆਇਆ। ਤੈਮੂਰ ਇਸਲਾਮ ਧਰਮ ਨੂੰ ਸੰਸਾਰ ਵਿਚ ਵੱਧ ਤੋਂ ਵੱਧ ਵਧਾਉਣਾ ਚਾਹੁੰਦਾ ਸੀ।

## 4.1 ਲੜਨ ਦੇ ਤਰੀਕੇ ਅਤੇ ਹਥਿਆਰ (Methods and Weapons of War) -

ਤੈਮੂਰ ਬਹੁਤ ਹੀ ਯੋਗਤਾ ਵਾਲਾ ਸ਼ਾਸਕ ਸੀ ਅਤੇ ਉੱਤਮ ਦਰਜੇ ਦਾ ਸੈਨਿਕ ਦਿਮਾਗ ਰੱਖਦਾ ਸੀ। ਤੈਮੂਰ ਨੇ ਤਾਕਤ ਨਾਲ ਸੈਨਿਕਾਂ ਦੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ। ਤੈਮੂਰ ਨੇ ਜ਼ਿਆਦਾਤਰ ਘੋੜਸਵਾਰ ਸੈਨਾ ਰੱਖੀ ਹੋਈ ਸੀ। ਉਸ ਦੀ ਸੈਨਾ ਜੰਗ ਦੇ ਮੈਦਾਨ ਵਿਚ ਦੁਸ਼ਮਣ ਦੇ ਖਿਲਾਫ ਯੋਜਨਾਬੰਦ ਤਰੀਕੇ ਨਾਲ ਲੜਦੀ ਸੀ। ਉਦਾਹਰਣ ਦੇ ਤੌਰ ਤੇ ਜਦੋਂ ਤੈਮੂਰ ਨੇ ਭਾਰਤ ਉਤੇ ਹਮਲਾ ਕੀਤਾ ਅਤੇ ਉਸ ਨੂੰ ਜਦੋਂ ਦਿੱਲੀ ਦੇ ਸੁਲਤਾਨ ਨਾਲ ਮੁਕਾਬਲਾ ਕਰਨਾ ਪਿਆ ਤਾਂ ਦਿੱਲੀ ਦੇ ਸੁਲਤਾਨ ਕੋਲ ਹਾਥੀ ਸੈਨਾ ਸੀ। ਇਸ ਲਈ ਤੈਮੂਰ ਨੇ ਹਾਥੀ ਸੈਨਾ ਦਾ ਮੁਕਾਬਲਾ ਕਰਨ ਲਈ ਆਪਣੇ ਸਾਹਮਣੇ ਇਕ ਡੂੰਘੀ ਖਾਈ ਪੁਟ ਲਈ ਅਤੇ ਉਸ ਵਿਚ ਭਾਰੀ ਲੱਕੜਾਂ ਤੇ ਮੁੱਲ ਸੁੱਟ ਦਿੱਤੇ। ਉਸ ਨੇ ਆਪਣੀ ਸੈਨਾ ਵਿਚ ਉੱਚਤਮ ਯੋਗਤਾ ਵਾਲੇ ਕਮਾਂਡਰਾਂ ਦਾ ਇਕ ਦਸਤਾ ਵੀ ਕਾਇਮ ਕੀਤਾ ਹੋਇਆ ਸੀ। ਇਹਨਾਂ ਕਮਾਂਡਰਾਂ ਵਿਚੋਂ ਹਰ ਇਕ ਇਤਨਾ ਕਾਬਲ ਸੀ ਕਿ ਤੈਮੂਰ ਬਿਨਾਂ ਕਿਸੇ ਡਰ ਦੇ ਆਪਣੀ ਨਿੱਜੀ ਅਗਵਾਈ ਤੋਂ ਦੂਰ ਛੋਟੇ ਯੁੱਧਾਂ ਦੀ ਕਮਾਨ ਉਹਨਾਂ ਦੇ ਹਵਾਲੇ ਕਰ ਸਕਦਾ ਸੀ। ਉਸ ਦੇ ਦੁਸ਼ਮਣਾਂ ਵਿਚੋਂ ਕਿਸੇ ਨੂੰ ਵੀ ਇਹ ਲਾਭ ਪ੍ਰਾਪਤ ਨਹੀਂ ਸੀ। ਇਹ ਵਿਜੈਤਾ ਪਰਾਜਿਤ ਫੌਜਾਂ ਤੇ ਈਨ ਮਨਾਉਣ ਲਈ ਆਮ ਜਨਤਾ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੰਦਾ ਸੀ ਅਤੇ

ਆਪਣੇ ਰਸਤੇ ਵਿਚ ਆਏ ਬੇਚਾਰੇ ਲੋਕਾਂ ਤੇ ਜ਼ੁਲਮ ਢਾਉਣ ਦੀ ਆਗਿਆ ਦੇਂਦਾ ਸੀ। ਉਸ ਦੀ ਇਸ ਨੀਤੀ ਨੇ ਅਜਿਹਾ ਸਹਿਮ ਪੈਦਾ ਕਰ ਦਿੱਤਾ ਕਿ ਕਿਸੇ ਦੇ ਮਨ ਵਿਚ ਉਸ ਅੱਗੇ ਲੜਨ ਦਾ ਖਿਆਲ ਹੀ ਪੈਦਾ ਨਹੀਂ ਸੀ ਹੁੰਦਾ। ਜਿਥੇ ਉਸ ਦੀ ਸੈਨਾ ਪੁੱਜਦੀ ਸੀ ਉਥੇ ਨਾ-ਸਿਰਫ ਪੂਰੀ ਤਬਾਹੀ ਹੋ ਜਾਂਦੀ ਸੀ, ਸਗੋਂ ਜਿਸ ਰਸਤੇ ਉਸ ਨੇ ਗੁਜਰਨਾ ਵੀ ਹੁੰਦਾ ਸੀ ਉਹ ਜਗ੍ਹਾ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਜਾੜ ਹੋ ਜਾਂਦੀ ਸੀ।

## 4.2 ਯੁੱਧ ਨੀਤੀ (War Policy) -

ਤੈਮੂਰ ਦੇ ਘੋੜ-ਸਵਾਰ ਇਕ ਦਿਨ ਤੇ ਇਕ ਰਾਤ ਵਿਚ *150* ਮੀਲ ਦਾ ਫਾਸਲਾ ਤਹਿ ਕਰ ਲੈਂਦੇ ਸਨ ਅਤੇ *80* ਮੀਲ ਰੋਜ਼ ਦੀ ਔਸਤ ਨਾਲ ਇਕ ਹਫਤਾ ਚਲ ਸਕਦੇ ਸਨ। ਇਸ ਤੇਜ਼ ਗਤੀ ਦੇ ਕਾਰਨ ਉਨ੍ਹਾਂ ਦੇ ਜਰਨੈਲ ਲਈ ਉਨ੍ਹਾਂ ਨੂੰ ਖਿਲਾਰਨ ਅਤੇ ਫਿਰ ਲੜਾਈ ਵਾਸਤੇ ਇਕੱਤਰ ਕਰਨਾ ਇਕ ਅਸਾਨ ਜਿਹੀ ਗੱਲ ਸੀ। ਦੂਜੇ ਪਾਸੇ, ਇਸ ਨਾਲ ਉਨ੍ਹਾਂ ਦੇ ਵੈਰੀਆਂ ਦੀਆਂ ਸਭ ਬਚਾਉ ਦੀਆਂ ਯੋਜਨਾਵਾਂ ਘੜੀਆਂ-ਘੜਾਈਆਂ ਹੀ ਰਹਿ ਜਾਂਦੀਆਂ ਸਨ। ਦਰਿਆ, ਭਾਰਤੀ ਮੌਨਸੂਨ ਦੇ ਮਹੀਨਿਆਂ ਜੁਲਾਈ ਤੋਂ ਸਤੰਬਰ, ਨੂੰ ਛੱਡ ਕੇ ਇਹਨਾਂ ਤੁਰਕਾਂ ਲਈ ਕੋਈ ਰੁਕਾਵਟ ਨਹੀਂ ਪਾਉਂਦੇ ਸਨ। ਉਹ ਆਪਣੇ ਘੋੜਿਆਂ ਤੇ ਇਨ੍ਹਾਂ ਨੂੰ ਪਾਰ ਕਰ ਜਾਂਦੇ ਸਨ। ਦਰਿਆ ਪਾਰ ਕਰਨ ਵੇਲੇ ਘੋੜੇ ਇਕ ਲਾਈਨ ਵਿਚ ਰੱਖੇ ਜਾਂਦੇ ਸਨ ਤੇ ਇਸ ਵਾਸਤੇ ਅਗਲੇ ਘੋੜੇ ਦੀ ਪੂਛ ਨੂੰ ਪਿਛਲੇ ਘੋੜੇ ਦੇ ਸਿਰ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਜਿੱਥੇ ਲੋੜ ਹੁੰਦੀ ਸੀ, ਉਥੇ ਤੈਮੂਰ ਦੀ ਵੱਡੇ-ਵੱਡੇ ਭਾਰਤੀ ਦਰਿਆਵਾਂ ਉਤੇ ਬੇੜੀ ਜਾਂ ਲੱਕੜੀ ਦੇ ਪੁਲ ਬਣਾਉਂਦਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦੀ ਫੌਜ ਦੀ ਗਿਣਤੀ ਇਹੀ ਸੀ। ਇਕ ਸੁਕਾਡਰਨ ਵਿਚ *10000* ਜਰਾਬਖਤਰ ਵਿਚ ਲਿਪਟੇ ਘੋੜ ਸਵਾਰ ਸਨ। ਤੈਮੂਰ ਦੀ ਹਮੇਸ਼ਾਂ ਪਹਿਲ ਕਰਨ ਦੀ ਨੀਤੀ ਹੁੰਦੀ ਸੀ। ਉਸ ਦੀਆਂ ਗਤੀਸ਼ੀਲ ਹਰਕਤਾਂ ਜਿਨ੍ਹਾਂ ਦਾ ਵਿਸ਼ਵਾਸ ਕਰਨਾ ਵੀ ਮੁਸ਼ਕਲ ਹੈ ਤੇ ਉਸ ਦੀਆਂ ਤੇਜ਼ ਨਿਰਣਾਜਨਕ ਵਿਉਂਤਾਂ ਨੇ ਉਸ ਦੇ ਦੁਸ਼ਮਣਾਂ ਦਾ ਦਮ ਤੋੜ ਦਿੱਤਾ ਅਤੇ ਲੜਾਈ ਦਾ ਸਥਾਨ ਛੱਡਣ ਸੰਬੰਧੀ ਸਭ ਯੋਜਨਾਵਾਂ ਖਲਬਲੀ ਦਾ ਸ਼ਿਕਾਰ ਹੋ ਗਈਆਂ। ਤੈਮੂਰ ਲੜਾਈ ਦੌਰਾਨ ਹਮੇਸ਼ਾਂ ਹੀ ਆਪਣੀਆਂ ਫੌਜਾਂ ਦੇ ਅੱਗੇ ਰਹਿ ਕੇ ਹਿੱਸਾ ਲੈਂਦਾ ਸੀ। ਲੜਾਈ ਦੌਰਾਨ ਉਹ ਆਪਣੀ ਸੈਨਾ ਨੂੰ ਅੱਗੇ ਲਿਖੇ ਪੰਜ ਹਿੱਸਿਆਂ ਵਿਚ ਵੰਡਦਾ ਸੀ:

1. ਮੁਢਲੀ ਸੈਨਾ (ਇਸਨੂੰ ਹਰਾਵਲ ਵੀ ਕਿਹਾ ਜਾਂਦਾ ਸੀ)
2. ਸੱਜਾ ਪਾਸਾ (ਬਾਰੰਗਰ਼)
3. ਖੱਬਾ ਪਾਸਾ (ਜਾਰੰਗਰ਼)
4. ਕੇਂਦਰ (ਕੂਲ)
5. ਪਿਛਲਾ ਪਾਸਾ (ਚੰਦਾਵਲ) ਘੋੜ ਸਵਾਰ ਸੈਨਿਕ ਸਭ ਤੋਂ ਅੱਗੇ ਰਹਿ ਕੇ ਪਹਿਲਾਂ ਹਮਲਾ ਕਰਦੇ ਸਨ।

*1192* ਤੋਂ *1526* ਤਕ ਦੇ ਸਮੇਂ ਵਿਚ ਉੱਤਰੀ ਭਾਰਤ ਦੀ ਪਹਿਲੀ ਤੁਰਕੀ ਸਲਤਨਤ ਆਪਣੇ ਪਹਿਲੇ ਸਮਰਾਟ ਦੀ ਅਗਵਾਈ ਹੇਠ ਜਿੱਤ ਪ੍ਰਸਾਰ ਤੇ ਪ੍ਰਪੱਕਤਾ ਦੀਆਂ ਕਈਆਂ ਮੰਜ਼ਲਾਂ ਵਿਚੋਂ ਗੁਜਰੀ ਪ੍ਰੰਤੂ ਹੌਲੀ ਹੌਲੀ ਇਸ ਦੀ ਸ਼ਕਤੀ ਦੇਣ ਵਾਲਾ ਬਲ ਜਾਂਦਾ ਰਿਹਾ ਅਤੇ ਇਹ ਪਤਨ ਤੇ ਵਿਭਾਜਨ ਦੀ ਵੰਡ ਵਿਚ ਡਿਗ ਪਈ। ਅੰਤ ਨੂੰ ਤਖਤ ਉਤੇ ਬਾਹਰੋਂ ਆਈ ਮੁਗਲ ਕੌਮ ਨੇ ਕਬਜ਼ਾ ਕਰ ਲਿਆ।

### ਸਾਰ:

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਸ ਤਰ੍ਹਾਂ ਚੰਗੇਜ਼ ਖਾਨ ਆਪਣੀ ਕਾਬਲੀਅਤ ਨਾਲ ਇਕ ਛੋਟੇ ਜਿਹੇ ਕਸਬੇ ਚੋਂ ਉਪਰ ਉਠ ਕੇ ਦੁਨੀਆਂ ਦੇ ਮਹਾਨ ਜਰਨੈਲਾਂ ਅਤੇ ਸ਼ਾਸਕਾਂ ਦੇ ਬਰਾਬਰ ਜਾ ਪਹੁੰਚਿਆ। ਉਸਨੇ ਮੰਗੋਲ ਸੈਨਾ ਵਿਚ ਪੱਕਾ ਅਨੁਸ਼ਾਸਨ ਕਾਇਮ ਕੀਤਾ ਅਤੇ ਲੜਾਈ ਦੇ ਨਵੇਂ ਤਰੀਕਿਆਂ ਦੀ ਖੋਜ ਕੀਤੀ। ਯੁੱਧ ਵਿਚ ਗਤੀਸ਼ੀਲਤਾ ਨੂੰ ਪੂਰੀ ਅਹਿਮੀਅਤ ਦਿੱਤੀ ਅਤੇ ਮਨੋਵਿਗਿਆਨਕ ਜੰਗ ਦਾ ਬੜੀ ਖੂਬਸੂਰਤੀ ਨਾਲ ਪ੍ਰਯੋਗ ਕੀਤਾ। ਇਸੇ ਪ੍ਰਥਾ ਨੂੰ ਕਾਇਮ ਰਖਦਿਆਂ ਤੈਮੂਰ ਨੇ ਸੈਨਿਕ ਇਤਿਹਾਸ ਵਿਚ ਆਪਣਾ ਨਾਂ ਰੋਸ਼ਨ ਕੀਤਾ। ਉਹ ਭਾਰਤ ਤੇ ਹਮਲਾ ਕਰਨ ਵਾਲੇ ਵਿਦੇਸ਼ੀ ਹਮਲਾਵਰਾਂ

ਵਿਚੋਂ ਪਹਿਲਿਆਂ ਸੈਨਿਕਾਂ ਵਿਚੋਂ ਸੀ ਜਿਸਨੇ ਕਿ ਅਗਾਂਹ ਤੋਂ ਭਾਰਤ ਤੇ ਬਾਹਰੀ ਹਮਲਾਵਰਾਂ ਦਾ ਰਾਹ ਖੋਲ੍ਹ ਦਿੱਤਾ। ਬਾਅਦ ਵਿਚ ਬਾਬਰ ਨੇ ਭਾਰਤ ਤੇ ਹਮਲਾ ਕਰਕੇ ਮੁਗਲ ਸਾਮਰਾਜ ਦੀ ਨੀਂਹ ਰੱਖੀ ਤੇ ਕਰੀਬ 200 ਸਾਲਾਂ ਤਕ ਰਾਜ ਕੀਤਾ।

## ਹੋਰ ਪੜ੍ਹਨ ਲਈ ਪੁਸਤਕਾਂ

| | | |
|---|---|---|
| ਜੇ.ਐਨ. ਸਰਕਾਰ | : | ਭਾਰਤ ਦਾ ਸੈਨਿਕ ਇਤਿਹਾਸ |
| ਬੀ.ਕੇ. ਮਜੂਮਦਾਰ | : | ਪੁਰਾਤਨ ਸੈਨਿਕ ਇਤਿਹਾਸ |
| ਡਾ. ਹਰਪ੍ਰੀਤ ਸਿੰਘ | : | ਜੰਗਬਾਜੀ ਦੀ ਉਤਪਤੀ |
| Montogomery | : | History of Warfare |

Type Setting :
Department of Distance Education, Punjabi University, Patiala.